# ਪੰਜਾਬੀ  ਦਲਿਤ ਚਿੰਤਨ ਦੇ ਅੰਤਰਗਤ ਉੱਭਰੇ ਮਸਲੇ

*ਰਵਿੰਦਰ ਸਿੰਘ

ਪੰਜਾਬੀ ਸਾਹਿਤ ਅੰਦਰ ਦਲਿਤ ਚੇਤਨਾ ਦਾ ਸੰਬੰਧੀ ਚਿੰਤਨ ਦਾ ਕਾਰਜ ਲਗਭਗ ਦੋ ਕੁ ਦਹਾਕੇ ਪਹਿਲਾਂ ਸੋਵੀਅਤ ਯੂਨੀਅਨ ਦੇ ਟੁੱਟਣ ਨਾਲ ਅਤੇ ਮਾਰਕਸੀ ਵਿਚਾਰਧਾਰਾ ਦੇ ਢਹਿੰਦੀਆਂ ਕਲਾਂ ਵੱਲ ਜਾਣ ਉਪਰੰਤ ਹੋਣਾ ਆਰੰਭ ਹੋਇਆ ਭਾਵੇਂ ਇਸ ਦਾ ਰਾਜਨੀਤਿਕ ਪ੍ਰਵਚਨ ਭਾਰਤੀ ਪ੍ਰਸੰਗ ਉਨੀਵੀਂ ਸਦੀ ਦੇ ਦੂਜੇ ਅੱਧ ਵਿੱਚ ਮਹਾਂਰਾਸ਼ਟਰ ਦੇ ਸਮਾਜ ਸੁਧਾਰਕ ਜੋਤੀਬਾ ਫੂਲੇ ਨਾਲ ਹੋਂਦ ਗ੍ਰਹਿਣ ਕਰ ਗਿਆ ਸੀ ਜਦ ਕਿ ਦਲਿਤ ਦੁਸ਼ਵਾਰੀਆਂ/ਸੰਵੇਦਨਾਵਾਂ ਨੂੰ ਪੇਸ਼ ਕਰਨ ਤੇ ਉਹਨਾਂ ਦੇ ਖ਼ਾਤਮੇ ਵਿਰੁੱਧ ਸੰਘਰਸ਼ ਵਿੱਢਣ ਦੀ ਪ੍ਰੇਰਨਾ ਮੱਧਕਾਲ ਦੀ ਭਗਤੀ ਲਹਿਰ ਨੇ ਆਰੰਭ ਕਰ ਦਿੱਤੀ ਸੀ। ਮੱਧਕਾਲ ਦੀ ਭਗਤੀ ਲਹਿਰ ਨਾਲ ਸੰਬੰਧਿਤ ਗੁਰੂ ਸਹਿਬਾਨਾਂ, ਭਗਤਾਂ ਅਤੇ ਸੰਤਾਂ ਦੀ ਬਾਣੀ ਜਿੱਥੇ ਇੱਕ ਪਾਸੇ ਪ੍ਰਮਾਤਮਾ ਦੀ ਪ੍ਰਾਪਤੀ ਨੂੰ ਆਪਣਾ ਇਸ਼ਟ ਮੰਨਕੇ ਤੁਰਦੀ ਹੈ ਉੱਥੇ ਨਾਲ ਹੀ ਬ੍ਰਾਹਮਣੀ ਸੱਭਿਆਚਾਰ ਦੀ ਧਾਰਮਿਕ ਕਰੂਰਤਾ, ਕਠੋਰਤਾ, ਕੁਰੀਤੀਆਂ ਅਤੇ ਪਾਖੰਡਵਾਦ ਦੇ ਵਿਰੁੱਧ ਵੀ ਅਵਾਜ਼ ਉਠਾਉਂਦੀ ਹੈ। ਭਗਤੀ ਕਾਲ ਨਾਲ ਸੰਬੰਧਿਤ ਭਗਤਾਂ/ਸੰਤਾਂ ਵਿੱਚੋਂ ਕਬੀਰ ਨੇ ਸਭ ਤੋਂ ਜ਼ਿਆਦਾ ਤਿੱਖੇ ਸੁਰ ਨਾਲ ਬ੍ਰਾਹਮਣੀ ਸੱਭਿਆਚਾਰ 'ਤੇ ਹਮਲਾ ਕੀਤਾ। ਕਬੀਰ ਤੋਂ ਇਲਾਵਾ ਰਵੀਦਾਸ, ਤੁੱਕਾਰਾਮ, ਏਕਨਾਥ, ਨਾਮਦੇਵ, ਸਧਨਾ, ਭੀਖਣ, ਦਯਾਬਾਈ, ਸਹਿਜੋਬਾਈ ਅਤੇ ਸੈਨ ਆਦਿ ਭਗਤਾਂ ਦੀ ਬਾਣੀ ਵੀ ਆਪਣੇ ਮਾਨਵਵਾਦੀ ਦ੍ਰਿਸ਼ਟੀਕੋਣ ਕਾਰਨ ਸਮਾਜਕ ਪ੍ਰਸੰਗ ਨਾਲ ਜੁੜਦੀ ਹੈ।[1] ਪਰੰਤੂ ਦਲਿਤ ਚੇਤਨਾ ਦਾ ਦਲਿਤ ਲੋਕਾਈ ਵਿੱਚ ਪ੍ਰਵੇਸ਼ ਜੋਤੀਬਾ ਫੂਲੇ, ਰਾਮਾ ਸਵਾਮੀ ਨਾਈਕਰ ਪੇਰੀਅਰ, ਸ੍ਰੀ ਨਰਾਇਣ ਗੁਰੂ, ਸਾਹੂ ਜੀ ਆਦਿ ਦੇ ਯਤਨਾਂ ਨਾਲ ਹੁੰਦਾ ਹੈ। ਜੋਤੀਬਾ ਫੂਲੇ ਰਾਜਸੀ ਅਤੇ ਸਮਾਜਕ ਖੇਤਰ ਦੇ ਨਾਲ ਨਾਲ ਸਾਹਿਤਕ ਖੇਤਰ ਅੰਦਰ ਵੀ ਦਲਿਤ ਚੇਤਨਾ ਦੇ ਉਸਰੱਈਏ ਵਜੋਂ ਪੇਸ਼ ਹੁੰਦਾ ਹੈ।[2]

ਡਾ.ਅੰਬੇਦਕਰ ਨੇ ਭਾਰਤੀ ਸਮਾਜ ਵਿੱਚ ਸ਼ੂਦਰ ਦੀ ਤ੍ਰਾਸਦਿਕ ਸਥਿਤੀ ਨੂੰ ਹੰਢਾਉਂਦਿਆ ਆਪਣੇ ਜੀਵਨ ਦਾ ਮਿਸ਼ਨ ਦਲਿਤ ਮੁਕਤੀ ਨੂੰ ਬਣਾਇਆ ਅਤੇ ਪ੍ਰਤੀਰੋਧ ਵਜੋਂ 25 ਦਸੰਬਰ 1927 ਨੂੰ ਮਨੂੰ ਸਿਮਰਤੀ ਨੂੰ ਸਾੜ ਕੇ ਔਰਤਾਂ, ਸ਼ੂਦਰਾਂ ਨੂੰ ਬ੍ਰਾਹਮਣਵਾਦੀ ਸੱਭਿਆਚਾਰ ਵਿਰੁੱਧ ਇੱਕਜੁੱਟ ਹੋ ਕੇ ਲੜਨ ਲਈ ਪ੍ਰੇਰਿਤ ਕੀਤਾ।ਇਹ ਗੱਲ ਬਿਨਾਂ ਸੰਕੋਚ ਕਹੀ ਜਾ ਸਕਦੀ ਹੈ ਕਿ ਬਾਬਾ ਸਾਹਿਬ ਦੀਆਂ ਸੰਘਰਸ਼ਮਈ ਗਤੀਵਿਧੀਆਂ (ਸਮਾਜਿਕ ਅਤੇ ਰਾਜਨੀਤਿਕ) ਸਦਕਾ ਪੂਰੇ ਭਾਰਤ ਵਿੱਚ ਦਲਿਤ ਚੇਤਨਾ ਦੇ ਉਥਾਨ ਵਿੱਚ ਵਾਧਾ ਹੋਇਆ। ਪੰਜਾਬ ਵਿੱਚ ਵੀ ਇਸ ਦਾ ਪ੍ਰਭਾਵ ਪੈਣਾ ਲਾਜ਼ਮੀ ਸੀ। ਬਾਬਾ ਸਾਹਿਬ ਦਾ ਜਦੋਂ ਪੰਜਾਬ ਨਾਲ ਨਾਤਾ ਜੁੜਦਾ ਹੈ ਉਸ ਵੇਲੇ ਤੱਕ ਪੰਜਾਬ ਦੀ ਦਲਿਤ ਵਸੋਂ ਉਨ੍ਹਾਂ ਦੇ ਤਰਕਸ਼ੀਲ ਫ਼ਲਸਫ਼ੇ ਨੂੰ ਸਮਝਣ ਦੇ ਕਾਬਲ ਹੋ ਚੁੱਕੀ ਸੀ। ਜਿਸ ਦਾ ਸਿਹਰਾ ਆਦਿ ਧਰਮ ਲਹਿਰ ਨੂੰ ਜਾਂਦਾ ਹੈ। ਮਹਾਂਰਾਸ਼ਟਰ ਤੋਂ ਬਾਅਦ ਜੇ ਕਿਸੇ ਹੋਰ ਸੂਬੇ ਵਿੱਚ ਬਾਬਾ ਸਾਹਿਬ ਹਰਮਨ ਪਿਆਰੇ ਹੋਏ ਤਾਂ ਉਹ ਸੀ ਪੰਜਾਬ। ਪੰਜਾਬੀ ਦਲਿਤ ਲੋਕਾਂ ਨੇ ਬਾਬਾ ਸਾਹਿਬ ਦਾ ਆਖ਼ਰੀ ਦਮ ਤੱਕ ਸਾਥ ਨਿਭਾਇਆ।[3]

ਡਾ. ਅੰਬੇਦਕਰ ਦੀ ਅਗਵਾਈ ਵਿੱਚ ਸਮੁੱਚੇ ਭਾਰਤ ਦਾ ਦਲਿਤ ਬ੍ਰਾਹਮਣਵਾਦ ਦੇ ਵਿਰੁੱਧ ਸਵੈ-ਮਾਣ ਪ੍ਰਾਪਤੀ ਲਈ ਸੰਘਰਸ਼ ਵਿੱਚ ਸ਼ਾਮਿਲ ਹੋ ਗਿਆ।ਇਸ ਸੰਘਰਸ਼ ਦਾ ਉਸਾਰ ਇਸੇ ਕਰਕੇ ਹੀ ਸੰਭਵ ਨਹੀਂ ਹੋਇਆ ਸਗੋਂ ਇੱਥੇ ਇਹ ਤੱਥ ਵੀ ਧਿਆਨਯੋਗ ਹੈ ਕਿ ਗ਼ਦਰ ਲਹਿਰ ਨੇ ਇਸ ਦੇ ਉਸਾਰ ਵਿੱਚ ਅਹਿਮ ਯੋਗਦਾਨ ਪਾਇਆ। ਆਦਿ ਧਰਮ ਦਾ ਬਾਨੀ ਮੰਗੂ ਰਾਮ ਮੁਗੋਵਾਲੀਆ ਗ਼ਦਰ ਲਹਿਰ ਦਾ ਸਰਗਰਮ ਵਰਕਰ ਰਿਹਾ ਸੀ, ਇਸ ਲਹਿਰ ਦਾ ਬਾਰੇ ਉਸ ਦਾ ਵਿਚਾਰ ਸੀ ਕਿ, 'ਇਸ ਲਹਿਰ ਵਿੱਚ ਅਸੀਂ ਸਾਰੇ ਬਰਾਬਰ ਸਾਂ।' ਦੂਸਰੇ ਪਾਸੇ ਇਹ ਲਹਿਰ ਮਾਰਕਸਵਾਦੀ ਵਿਚਾਰਧਾਰਾ ਨੂੰ ਪ੍ਰਣਾਈ ਹੋਣ ਕਾਰਨ ਭੇਦ ਭਾਵ ਤੋਂ ਦੂਰ ਸੀ ਅਤੇ ਸਮੁੱਚੀ ਮਾਨਵਤਾ ਨੂੰ ਸਮਾਜਿਕ, ਰਾਜਨੀਤਿਕ ਅਤੇ

---

* ਖੋਜਾਰਥੀ, ਪੰਜਾਬੀ ਵਿਭਾਗ।

ਆਰਥਿਕ ਪੱਧਰ 'ਤੇ ਇਕਸਾਰ ਕਰਨ ਦੇ ਵਿਚਾਰ ਨੂੰ ਕੇਂਦਰੀ ਵਿਚਾਰ ਵਜੋਂ ਲੈ ਕੇ ਚਲਦੀ ਸੀ। ਇਹ ਵਿਚਾਰਧਾਰਾ ਜਾਤ ਦੇ ਸੰਕਲਪ ਨੂੰ ਤਿਆਗ ਕੇ ਜਮਾਤ ਦੇ ਸੰਕਲਪ ਨਾਲ ਕੇਂਦਰ ਵਿੱਚ ਰੱਖਕੇ ਚਲਦੀ ਸੀ।ਜਦੋਂ ਕਿ ਡਾ. ਅੰਬੇਦਕਰ ਦਾ ਵਿਚਾਰ ਸੀ ਕਿ, ਮਾਰਕਸ ਨੇ ਕਿਰਤ ਦੀ ਵੰਡ ਨੂੰ ਤਾਂ ਸਮਝਿਆ ਹੈ ਪਰ ਕਿਰਤੀਆਂ ਦੀ ਵੰਡ ਵੱਲ ਧਿਆਨ ਨਹੀਂ ਦਿੱਤਾ। ਇਸ ਤਰ੍ਹਾਂ ਦਲਿਤ ਚੇਤਨਾ ਦਾ ਉਸਾਰ ਇਤਿਹਾਸਕ ਵਿਕਾਸ ਵਿੱਚੋਂ ਗਤੀ ਗ੍ਰਹਿਣ ਕਰਦਾ ਹੈ, ਜਿਸ ਵਿੱਚ ਇਹ ਮਾਰਕਸੀ ਵਿਚਾਰਧਾਰਾ ਨਾਲ ਸਾਂਝ ਅਤੇ ਅਲਗਾਵ ਦਾ ਰਿਸ਼ਤਾ ਸਥਾਪਤ ਕਰਦਾ ਹੈ।

ਦਲਿਤ ਸਾਹਿਤ ਇੱਕ ਅੰਦੋਲਨ ਦੇ ਰੂਪ ਵਿੱਚ 1950 ਦੇ ਨੇੜੇ ਤੇੜੇ ਮਰਾਠੀ ਭਾਸ਼ਾ ਵਿੱਚ ਆਰੰਭ ਹੋਇਆ ਅਤੇ 1970 ਤੱਕ ਇਸ ਨੇ ਮਰਾਠੀ ਭਾਸ਼ਾ ਤੇ ਸਾਹਿਤ ਵਿੱਚ ਕੇਂਦਰੀ ਮਹੱਤਵ ਪ੍ਰਾਪਤ ਕੀਤਾ। ਇਸ ਸਾਹਿਤਕ ਅੰਦੋਲਨ ਨੂੰ ਵਿਚਾਰਧਾਰਕ ਪ੍ਰੇਰਨਾ ਡਾ. ਅੰਬੇਦਕਰ ਅਤੇ ਜੋਤੀਬਾ ਫੂਲੇ ਆਦਿ ਦੇ ਵਿਚਾਰਾਂ ਜਾਂ ਉਨ੍ਹਾਂ ਦੁਆਰਾ ਚਲਾਏ ਸਮਾਜ-ਰਾਜਨੀਤਿਕ ਅੰਦੋਲਨਾਂ ਤੋਂ ਮਿਲੀ।[4] ਡਾ. ਸਦਾ ਕਨਹਾਡੇ ਅਨੁਸਾਰ, ''ਉਂਜ 1954 ਦੇ ਬਾਅਦ ਹੀ ਦਲਿਤਾਂ ਵਿੱਚ ਇਹ ਭਾਵਨਾ ਜਾਗ੍ਰਿਤ ਹੋ ਚੁੱਕੀ ਸੀ ਕਿ ਸਾਨੂੰ ਸਾਹਿਤ ਦੇ ਖੇਤਰ ਵਿੱਚ ਆਪਣੀ ਅਲੱਗ ਪਹਿਚਾਣ ਬਣਾਉਣੀ ਚਾਹੀਦੀ ਹੈ। ਆਰੰਭਕ ਅਵਸਥਾ ਵਿੱਚ ਦਲਿਤ ਸਾਹਿਤ ਦੇ ਦੋ ਉਦੇਸ਼ ਸਨ। ਪਹਿਲਾ ਦਲਿਤਾਂ ਦੀਆਂ ਸਮੱਸਿਆਵਾਂ ਬਾਰੇ ਅਵਾਜ਼ ਬੁਲੰਦ ਕਰਨੀ, ਸਮਾਜਕ ਨਿਆਂ ਦੀ ਮੰਗ ਨੂੰ ਤੇਜ਼ ਕਰਨਾ, ਦੂਸਰਾ ਮਰਾਠੀ ਦੇ ਸਤ ਸੌ ਸਾਲ ਪੁਰਾਣੇ ਕੁਲੀਨ ਸਾਹਿਤ ਨੂੰ ਨਕਾਰਨਾ।[5] ਭਾਵ ਇਸ ਸਮੇਂ ਤੱਕ ਭਾਰਤ ਭਰ ਵਿੱਚ ਦਲਿਤ ਲੋਕ ਸਮਾਜ ਵਿਚਲੀ ਆਪਣੀ 'ਹੀਣੀ ਸਥਿਤੀ' ਪ੍ਰਤੀ ਚੇਤੰਨ ਹੋ ਚੁੱਕੇ ਸਨ ਅਤੇ ਇਸ ਵਿਰੁੱਧ ਦਲਿਤ ਆਗੂਆਂ ਦੁਆਰਾ ਵਿੱਢੇ ਸੰਘਰਸ਼ਾਂ ਵਿੱਚ ਹਿੱਸਾ ਲੈਣ ਲੱਗੇ ਸਨ ਜਿਸ ਵਿੱਚ ਦਲਿਤ ਸਾਹਿਤ ਨੇ ਵੀ ਇੱਕ ਧਿਰ ਵਾਂਗ ਕਾਰਜ ਕੀਤਾ।

ਮਹਾਂਰਾਸ਼ਟਰ ਦੀ 'ਦਲਿਤ ਪੈਂਥਰ' ਲਹਿਰ ਅਤੇ ਪੰਜਾਬ ਦੀ 'ਆਦਿ ਧਰਮ' ਲਹਿਰ ਦਲਿਤ ਚੇਤਨਾ ਦਾ ਹੀ ਨਤੀਜਾ ਸਨ, ਇਹਨਾਂ ਲਹਿਰਾਂ ਪਿੱਛੇ ਦਲਿਤ ਵਰਗ ਨਾਲ ਸੰਬੰਧਤ ਲੇਖਕਾਂ ਅਤੇ ਬੁੱਧੀਜੀਵੀਆਂ ਦਾ ਲੰਬਾ ਸੰਘਰਸ਼ ਦ੍ਰਿਸ਼ਟਮਾਨ ਹੁੰਦਾ ਹੈ। ਪੰਜਾਬੀ ਦਲਿਤ ਚਿੰਤਨ ਦੇ ਖੇਤਰ ਵਿੱਚ ਪੰਜਾਬੀ ਸਾਹਿਤ ਅਕਾਦਮੀ, ਦਿੱਲੀ ਨੇ 1998 ਵਿੱਚ 'ਦਲਿਤ-ਚੇਤਨਾ ਅਤੇ ਸਾਹਿਤ' ਪੁਸਤਕ ਛਾਪ ਕੇ ਦਲਿਤ ਚਿੰਤਨ ਦਾ ਆਰੰਭ ਕੀਤਾ ਜਿਹੜਾ ਅਜੋਕੇ ਦੌਰ ਵਿੱਚ ਗਤੀ ਪਕੜ ਚੁੱਕਿਆ ਹੈ। ਇਸ ਚਿੰਤਨ ਵਿੱਚ ਪਹਿਲਾ ਮਸਲਾ 'ਦਲਿਤ ਪਛਾਣ' ਦਾ ਉੱਭਰਕੇ ਸਾਹਮਣੇ ਆਉਂਦਾ ਹੈ।ਦਲਿਤ ਕਿਸ ਨੂੰ ਮੰਨਿਆ ਜਾਵੇ ? ਜਾਤੀਗਤ ਅਤੇ ਆਰਥਿਕ ਤੌਰ 'ਤੇ ਲਿਤਾੜੇ, ਲੁੱਟੇ-ਪੁੱਟੇ ਜਾਂਦੇ ਵਰਗ ਨੂੰ ਜਾਂ ਇਸ ਵਿੱਚ ਭਾਰਤੀ ਸਮਾਜ ਦੀਆਂ ਉਹਨਾਂ ਸਮੁੱਚੀਆਂ ਦਮਿਤ ਧਿਰਾਂ ਨੂੰ ਵੀ ਸ਼ਾਮਿਲ ਕੀਤਾ ਜਾਵੇ ਜਿਹੜੀਆਂ ਆਰਥਿਕ ਪੱਖੋਂ ਕਮਜ਼ੋਰ ਹਨ।

ਦਲਿਤ ਪਛਾਣ ਦੇ ਮਸਲੇ ਸੰਬੰਧੀ ਡਾ. ਸਰਬਜੀਤ ਸਿੰਘ ਦਾ ਵਿਚਾਰ ਹੈ ਕਿ ਇਹ ਉਹ ਵਰਗ ਹੈ ਜਿਹੜਾ ਸਦੀਆਂ ਤੋਂ ਪੈਦਾਵਰੀ ਸਾਧਨਾਂ, ਸਮਾਜਕ ਰੁਤਬੇ, ਸੱਭਿਆਚਾਰਕ ਗੌਰਵ, ਧਾਰਮਿਕ ਆਧਾਰਾਂ, ਰਾਜਨੀਤਿਕ ਆਧਾਰਾਂ ਅਤੇ ਕਲਾਵਾਂ ਤੋਂ ਵਿਛੁੰਨਿਆਂ ਵਰਗ ਹੈ। ਭਾਰਤੀ ਦਲਿਤ ਦੀ ਵਿਭਿੰਨ ਸੱਭਿਆਚਾਰਕ ਅਤੇ ਸਮਾਜੀ-ਆਰਥਕ ਬਣਤਰਾਂ ਤੋਂ ਇਹ ਗੁਣਤਾਮਕ ਰੂਪ ਵਿੱਚ ਭਿੰਨਤਾ ਹੈ ਕਿ ਇਸ ਕੋਲ ਤਾਂ ਸਦੀਆਂ ਭਰ ਮਨੁੱਖ ਹੋਣ ਦਾ ਰੁਤਬਾ ਵੀ ਨਹੀਂ ਰਿਹਾ। ਇਹ ਵਰਗ ਅਧਿਕਾਰਾਂ ਤੋਂ ਵਿਛੁੰਨਿਆਂ ਹੋਇਆ ਹਮੇਸ਼ਾ ਹਾਸ਼ੀਆਕ੍ਰਿਤ ਰਿਹਾ ਹੈ।[6] ਜਦੋਂ ਕਿ ਡਾ. ਮੇਹਰ ਮਾਣਕ ਅਨੁਸਾਰ, ਜਾਤ ਕਦੇ ਵੀ ਜਮਾਤ ਅਤੇ ਜਮਾਤ ਕਦੇ ਵੀ ਜਮਾਤ ਦਾ ਬਦਲਵਾਂ ਰੂਪ ਨਹੀਂ ਹੋ ਸਕਦੀ। ਇਸ ਕਰਕੇ ਦਲਿਤ ਦਾ ਮਸਲਾ ਮਹਿਜ਼ ਜਾਤ ਜਾਂ ਜਮਾਤ ਨਾਲ ਬੰਨ੍ਹਕੇ ਤੁਰ ਪੈਣਾ ਠੀਕ ਨਹੀਂ ਹੈ। ਇਸ ਸੰਸਾਰੀਕਰਨ ਦੇ ਦੌਰ ਨੇ ਬਿਨਾਂ ਸ਼ੱਕ ਕੁਝ ਨਵੇਂ ਸਮੀਕਰਨਾਂ ਨੂੰ ਜਰੂਰ ਜਨਮ ਦੇਣਾ ਹੈ, ਉਹ ਸਮੀਕਰਨ ਕਿਹੜੇ ਹਨ ? ਇਹਨਾਂ ਦੀ ਪਛਾਣ ਦਾ ਮਸਲਾ ਦਲਿਤ ਨਿਰਧਾਰਨ ਲਈ ਰਾਹ ਪੱਧਰਾ ਕਰੇਗਾ। ਇਸ ਕਰਕੇ ਬੜੇ ਹੀ ਸੁਚੇਤ ਰੂਪ ਵਿੱਚ ਪੈਰ ਫੂਕ-ਫੂਕ ਕੇ ਰੱਖਣ ਦੀ ਜਰੂਰਤ ਹੈ ਨਹੀਂ ਤਾਂ ਕਾਸ਼ੀ ਰਾਮ ਤੇ ਮਾਇਆਵਤੀ ਦੇ 'ਦਲਿਤਵਾਦ' ਵਾਂਗ ਕੁਝ ਪਛੜੀਆਂ ਜਾਤਾਂ ਦੀ ਉਪਰਲੀ ਕਰੀਮ ਇਸ ਦਾ ਖ਼ੂਬ (ਲਾਹਾ) ਖੱਟ ਕੇ ਸਥਾਪਤੀ ਦੀ ਰਾਜਨੀਤੀ ਦੇ ਪੱਖ ਵਿੱਚ ਸਰੇਬਜ਼ਾਰ ਭੁਗਤਣ ਤੋਂ ਵੀ ਗੁਰੇਜ਼ ਨਹੀਂ ਕਰੇਗੀ।[7] ਡਾ. ਭੀਮ ਇੰਦਰ ਸਿੰਘ ਦਾ ਵਿਚਾਰ ਹੈ ਕਿ ਜਿਥੋਂ ਤੱਕ ਦਲਿਤ ਸ਼ਬਦ ਦੇ ਅਰਥ ਦਾ ਸੰਬੰਧ ਹੈ, ਇਸ ਸ਼ਬਦ ਨੂੰ ਸ਼ੂਦਰ ਜਾਂ ਅਛੂਤ ਲਈ ਵਰਤਿਆ ਜਾਂਦਾ ਹੈ ਅਤੇ ਇਸ ਨੂੰ ਕੁਝ ਖ਼ਾਸ ਜਾਤਾਂ ਤੱਕ ਮਹਿਦੂਦ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ।

ਪਰ ਅਸਲ ਵਿੱਚ ਇਸ ਸ਼ਬਦ ਨੂੰ ਹਰ ਤਰ੍ਹਾਂ ਦੇ ਲੁਟੀਂਦੇ ਤੇ ਦਬਾਏ ਜਾ ਰਹੇ ਲੋਕਾਂ ਲਈ ਇਸਤੇਮਾਲ ਕੀਤਾ ਜਾਣਾ ਚਾਹੀਦਾ ਹੈ। ਇਸ ਦਾ ਕਾਰਨ ਇਹ ਹੈ ਕਿ ਉਤਪੀੜਨ ਸਿਰਫ਼ ਜਾਤ ਅਧਾਰਤ ਨਹੀਂ ਹੁੰਦੀ ਬਲਕਿ ਇਸ ਦੀਆਂ ਹੁਰ ਵੀ ਬਹੁਤ ਸਾਰੀਆਂ ਵੰਨਗੀਆਂ ਤੇ ਪਰਤਾਂ ਹੁੰਦੀਆਂ ਹਨ। ਅੱਜ ਅਸੀਂ ਵੇਖਦੇ ਹਾਂ ਕਿ ਦਲਿਤ ਚੇਤਨਾ ਆਪਣੇ ਅਮਲੀ ਤੇ ਵਿਹਾਰਕ ਰੂਪ ਵਿੱਚ ਕੁਝ ਖਾਸ ਸਮੀਕਰਨਾਂ ਅਤੇ ਸੌਦੇਬਾਜ਼ੀਆਂ ਕਰਕੇ ਕੁਝ ਖਾਸ ਜਾਤਾਂ ਤੱਕ ਹੀ ਸੀਮਤ ਹੋ ਕੇ ਰਹਿ ਗਈ ਹੈ। ਪਰ 'ਦਲਿਤ' ਸ਼ਬਦ ਦੀ ਵਿਸ਼ਾਲਤਾ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ।[8] ਵਿਸ਼ਵ ਦੇ ਪ੍ਰਸੰਗ ਵਿੱਚ ਇਸ ਮੁੱਦੇ ਤੇ ਗੱਲ ਕਰਦਿਆਂ ਡਾ. ਤੇਜਵੰਤ ਗਿੱਲ ਇਸ ਪਛਾਣ ਦੇ ਮਸਲੇ ਨੂੰ ਹੋਰ ਵੀ ਵਿਸ਼ਾਲ ਕਰ ਦਿੰਦਾ ਹੈ, ਇਸ ਨੂੰ ਇੱਕ-ਇੱਕਲੀ ਨਸਲ, ਜਾਤ, ਧਰਮ, ਜਮਾਤ, ਵਰਗ ਅਤੇ ਲਿੰਗ ਤੱਕ ਸੀਮਤ ਨਹੀਂ ਕੀਤਾ ਜਾ ਸਕਦਾ। ਫੇਰ ਤਾਂ ਪਤਿਤ ਲੋਕਾਈ ਹੀ ਦਲਿਤ ਦਾ ਰੂਪ ਧਾਰ ਲੈਂਦੀ ਹੈ ਜਿਸ ਤੇ ਸੱਤਾ, ਸ਼ਾਸ਼ਨ, ਸ਼ੋਸ਼ਣ, ਅਤੇ ਸਜ਼ਾ ਦੀ ਮਾਰ ਨਿਰੰਤਰ ਪੈਂਦੀ ਰਹਿੰਦੀ ਹੈ। ਜੀਣ ਦੇ ਅਧਿਕਾਰ ਤੋਂ ਵੰਚਿਤ ਹੋ ਕੇ, ਇਹ ਬੇਬਸ ਲੋਕਾਈ ਥੀਣ ਤੱਕ ਹੀ ਮਹਿਦੂਦ ਹੋ ਜਾਂਦੀ ਹੈ। ਥੀਣ ਦੀ ਇਹ ਕਿਰਿਆ ਕਿਸੇ ਗੌਰਵ, ਪਛਾਣ, ਚਿੰਤਨ, ਚੇਤਨਾ ਤੇ ਅੰਤਹਕਰਣ ਨੂੰ ਅਵਾਜ਼ ਨਹੀਂ ਦਿੰਦੀ।[9] ਇਸ ਤਰ੍ਹਾਂ ਇਹ ਸਪੱਸ਼ਟ ਹੈ ਕਿ 'ਦਲਿਤ ਪਛਾਣ' ਦਾ ਮਸਲਾ ਅਜੋਕੇ ਦੌਰ ਵਿੱਚ ਜਿੰਮੇਵਾਰੀ ਅਤੇ ਸੁਹਿਰਦਤਾ ਨਾਲ ਵਿਸ਼ਲੇਸ਼ਿਤ ਕਰਨ ਦੀ ਥਾਂਵੇਂ ਰਾਜਨੀਤਿਕ ਪ੍ਰੰਪਚ ਬਣ ਗਿਆ ਪ੍ਰਤੀਤ ਹੁੰਦਾ ਹੈ। ਇਸ ਮਸਲੇ ਦੀ ਜਟਿਲਤਾ ਵੱਲ ਇਸ਼ਾਰਾ ਕਰਦਿਆਂ ਡਾ. ਸੁਤਿੰਦਰ ਸਿੰਘ ਨੂਰ ਦਾ ਮੰਨਣਾ ਹੈ ਕਿ, ਕੁਝ ਅਜਿਹੇ ਵਿਚਾਰ ਵੀ ਸਾਹਮਣੇ ਆ ਰਹੇ ਹਨ, ਜਿਨ੍ਹਾਂ ਨਾਲ ਦਲਿਤ ਚੇਤਨਾ ਨੂੰ ਵੀ ਬ੍ਰਾਹਮਣਵਾਦ ਵਾਂਗ ਹੀ ਨਿਰੰਕੁਸ਼ ਬਣਾਉਣ ਦੇ ਖ਼ਤਰੇ ਪੈਦਾ ਹੋ ਰਹੇ ਹਨ। ਦਲਿਤ ਚੇਤਨਾ ਨੂੰ ਇਕ ਨਿਰੰਕੁਸ਼ ਮਾਰਕਸਵਾਦ ਦੀ ਦ੍ਰਿਸ਼ਟੀ ਤੋਂ ਦੇਖਿਆ ਜਾ ਰਿਹਾ ਹੈ। ਅਜਿਹੀ ਦ੍ਰਿਸ਼ਟੀ ਵੀ ਸਾਹਮਣੇ ਆ ਰਹੀ ਹੈ ਜਿਸ ਅਨੁਸਾਰ ਦਲਿਤ ਚੇਤਨਾ ਨੂੰ ਇੱਕ ਸਵਾਰਥੀ ਰਾਜਨੀਤੀ ਨਾਲ ਜੋੜ ਕੇ ਵਿਚਾਰਧਾਰਾ ਨੂੰ ਮੂਲੋਂ ਹੀ ਭੁਲਾਇਆ ਜਾ ਰਿਹਾ ਹੈ। ਇਹ ਸਭ ਗੱਲਾਂ ਵਿਚਾਰੀਆਂ ਜਾਣੀਆਂ ਚਾਹੀਦੀਆਂ ਹਨ।[10] ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ 'ਦਲਿਤ ਪਛਾਣ' ਦੇ ਮਸਲੇ ਨੂੰ ਵਿਭਿੰਨ ਚਿੰਤਕ ਆਪਣੀ-ਆਪਣੀ ਦ੍ਰਿਸ਼ਟੀ ਤੋਂ ਪਰਿਭਾਸ਼ਤ ਕਰਦੇ ਵਧੇਰੇ ਜਟਿਲ ਤੇ ਗੁੰਝਲਦਾਰ ਬਣਾ ਰਹੇ ਪ੍ਰਤੀਤ ਹੁੰਦੇ ਹਨ, ਜਦੋਂ ਕਿ ਇਸ ਦੇ ਇਤਿਹਾਸਕ ਵਰਤੋਂ ਵਿਹਾਰ ਨੇ ਇਸ ਸ਼ਬਦ ਦੇ ਅਰਥਾਂ ਨੂੰ ਨਿਰਧਾਰਤ ਕੀਤਾ ਹੋਇਆ ਹੈ। ਭਾਰਤੀ ਸੰਦਰਭ ਵਿੱਚ ਇਸ ਮਸਲੇ 'ਤੇ ਇਕਾਗਰ ਹੁੰਦਿਆਂ ਬਹੁਤ ਸਾਰੇ ਅਜਿਹੇ ਤੱਥ ਉਜਾਗਰ ਹੁੰਦੇ ਹਨ ਜਿਹੜੇ ਇਸ ਸ਼ਬਦ ਦੀ ਵਰਤੋਂ ਨੂੰ ਬ੍ਰਾਹਮਣਵਾਦੀਆਂ ਦੁਆਰਾ ਲਿਤਾੜੇ ਅਤੇ ਜਾਤੀਗਤ ਤੌਰ 'ਤੇ ਤ੍ਰਿਸਕਾਰੇ ਗਏ ਸਮੂਹ ਲਈ ਵਰਤੇ ਜਾਣ ਦੀ ਨਿਸ਼ਾਨਦੇਹੀ ਕਰਦੇ ਹਨ। ਮਸਲਨ ਵੈਦਿਕ ਕਾਲ ਤੋਂ ਲੈ ਕੇ ਆਧੁਨਿਕ ਕਾਲ ਤੱਕ ਜਾਤੀ ਅਧਾਰਤ ਸ਼ੂਦਰ ਘੋਸ਼ਿਤ ਕੀਤੇ ਗਏ ਵਰਗ ਦੀ ਸਮਾਜਿਕ ਸਥਿਤੀ, ਜਿਸ ਨੂੰ ਮਨੂੰ ਸਿਮਰਤੀ ਤੋਂ ਲੈ ਕੇ ਭਾਰਤੀ ਸਮਾਜਿਕ ਵਿਵਸਥਾ ਅਜੋਕੇ ਸਮੇਂ ਤੱਕ ਵਿਵਹਾਰਕ ਰੂਪ (ਭਾਵੇਂ ਪਹਿਲਾਂ ਨਾਲੋਂ ਢਿੱਲ ਹੈ ਪਰ ਵਰਤੀ ਜਰੂਰ ਜਾਂਦੀ ਹੈ) ਲਾਗੂ ਕਰ ਰਹੀ ਹੈ, ਅੱਜ ਬਹੁਤ ਸਾਰੇ ਪਿੰਡਾਂ/ਸ਼ਹਿਰਾਂ (ਦੇਸ਼ ਤੇ ਵਿਦੇਸ਼) ਵਿੱਚ ਨੀਵੀਆਂ ਸਮਝੀਆਂ ਜਾਂਦੀਆਂ ਜਾਤੀਆਂ ਦੇ ਮੰਦਰ/ਗੁਰਦੁਆਰੇ ਤੇ ਸ਼ਮਸ਼ਾਨ ਘਾਟ ਅਲੱਗ-ਅਲੱਗ ਹਨ, ਕਿਸੇ ਦੂਸਰੇ ਵਿਅਕਤੀ ਨੂੰ ਘਟੀਆ, ਨੀਚ, ਕਮੀਨਾ, ਭ੍ਰਿਸ਼ਟ ਅਤੇ ਲੁਚਾ-ਲਫੰਗਾ ਦਰਸਾਉਣ ਲਈ ਸ਼ਬਦ 'ਚੂਹੜਾ' ਵਰਤਿਆ ਜਾਂਦਾ ਹੈ। ਅੱਜ ਵੀ ਨੀਵੀਂ ਜਾਤ ਦਾ ਆਰਥਿਕ ਤੇ ਸਿਆਸੀ ਤੌਰ 'ਤੇ ਖੁਸ਼ਹਾਲ ਮਨੁੱਖ ਸਮਾਜ ਵਿੱਚ ਸਨਮਾਨ ਦਾ ਅਧਿਕਾਰੀ ਨਹੀਂ ਹੋ ਸਕਦਾ ਜਿਹੜਾ ਉੱਚੀ ਜਾਤ ਦਾ ਆਰਥਿਕ ਤੌਰ 'ਤੇ ਕਮਜ਼ੋਰ ਮਨੁੱਖ ਹੋ ਸਕਦਾ ਹੈ। ਨੀਵੀਂ ਜਾਤ ਵਾਲੇ ਨੂੰ ਧਨਵਾਨ ਹੁੰਦੇ ਹੋਏ ਵੀ ਨੀਵੀਂ ਨਜ਼ਰ ਨਾਲ ਵੇਖਿਆ ਜਾਂਦਾ ਹੈ।[11] ਇਸ ਸ਼੍ਰੇਣੀ ਦੇ ਮਨੁੱਖ ਅੰਦਰ ਜਾਤ ਨੂੰ ਲੈ ਕੇ ਪੈਦਾ ਹੋਈ ਹੀਣ ਭਾਵਨਾ ਨੂੰ ਜੈਪਾਲ ਦੀ ਕਵਿਤਾ 'ਨਜ਼ਮ ਕਦੋਂ ਚੁੱਪ ਸੀ' ਵਿੱਚ ਵੀ ਦੇਖਿਆ ਜਾ ਸਕਦਾ ਹੈ ;

ਕਈ ਵਾਰ

ਪਾਣੀਓਂ ਪਤਲਾ

ਹੋ ਜਾਂਦਾ ਹੈ ਇਹ ਮਿੱਟੀ ਦਾ ਪੁਤਲਾ

ਸ਼ਬਦ ਜ਼ੁਬਾਨ ਦਾ ਛੱਡ ਜਾਂਦੇ ਨੇ ਸਾਥ

ਸਿਰੋਂ ਲੰਘ ਜਾਂਦਾ ਹੈ ਪਾਣੀ

ਧਰਤੀ ਦਿੰਦੀ ਨਹੀਂ ਵਿਹਲ

ਜਦੋਂ ਅਚਾਨਕ ਹੀ

ਕੋਈ ਪੁੱਛ ਬਹਿੰਦਾ ਹੈ

ਮੇਰੀ ਜਾਤ।

ਇਸ ਤਰ੍ਹਾਂ ਦੀਆਂ ਉਦਾਹਰਨਾਂ ਪੰਜਾਬੀ ਸਾਹਿਤ ਦੇ ਹੋਰਨਾਂ ਰੂਪਾਂ ਵਿੱਚੋਂ ਵੀ ਪ੍ਰਾਪਤ ਹੋ ਜਾਂਦੀਆਂ ਹਨ। ਜਿਹੜੀਆਂ ਸਮਾਜ ਵਿੱਚ ਇਸ ਵਰਗ ਦੀ ਸਥਿਤੀ ਨੂੰ ਹੀਣੀ ਸਥਾਪਤ ਕਰਦੀਆਂ ਹਨ, ਜਦੋਂ ਅਸੀਂ ਸਾਰੀਆਂ ਦਮਿਤ ਧਿਰਾਂ ਨੂੰ ਦਲਿਤ ਸ਼ਬਦ ਦੇ ਅੰਤਰਗਤ ਦੇਖਣ ਲਗਦੇ ਹਾਂ ਤਾਂ ਦਲਿਤ ਤੇ ਦਮਿਤ ਧਿਰਾਂ ਦਾ ਨਿਖੇੜ ਸਥਾਪਤ ਕਰਨਾ ਵੀ ਕਠਿਨ ਹੋ ਜਾਂਦਾ ਹੈ। ਭਾਰਤੀ ਸੰਦਰਭ ਵਿੱਚ ਦਲਿਤ ਸ਼ਬਦ ਦੀ ਪਹਿਚਾਣ ਨਿਮਨ ਜਾਤੀਆਂ ਨਾਲ ਜੁੜ ਕੇ ਵਧੇਰੇ ਗੂੜ੍ਹੀ ਵੀ ਹੋ ਗਈ ਹੈ। ਬਿਨਾਂ ਸ਼ੱਕ ਚਿੰਤਕਾਂ ਦੁਆਰਾ 'ਦਲਿਤ ਪਛਾਣ' ਨੂੰ ਦਿੱਤਾ ਗਿਆ ਵਿਸਤਾਰ ਸਾਰਥਕ ਹੈ ਪਰੰਤੂ ਇਹ ਵਿਸਤਾਰ ਇਸ ਸ਼ਬਦ ਦੇ ਸੰਕਲਪਾਤਮਕ ਅਰਥਾਂ ਨੂੰ ਧੁੰਦਲਾ ਕਰਦਾ ਹੈ। ਇਹ ਹਾਸ਼ੀਆਕ੍ਰਿਤ ਪ੍ਰਾਣੀ ਹੀ ਦਲਿਤ ਹੈ ਜਿਹੜਾ ਆਰਥਿਕਤਾ ਦੇ ਨਾਲ-ਨਾਲ ਸਮਾਜਕ ਸੱਭਿਆਚਾਰਕ, ਧਾਰਮਿਕ, ਮਾਨਸਿਕ, ਰਾਜਨੀਤਿਕ ਅਤੇ ਜਾਤੀ ਸ਼ੋਸ਼ਣ ਦਾ ਸ਼ਿਕਾਰ ਰਿਹਾ ਹੈ। ਇਹ ਠੀਕ ਹੈ ਕਿ ਆਧੁਨਿਕ ਪਰਸਥਿਤੀਆਂ ਨੇ ਜਾਤ-ਪ੍ਰਬੰਧ ਦੇ ਆਰਥਿਕ ਆਧਾਰਾਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਆਧੁਨਿਕ ਸਮੇਂ ਵਿੱਚ ਸਰਮਾਏਦਾਰੀ ਦੇ ਵਿਕਾਸ ਨਾਲ ਵੰਸਗਤ ਕਿੱਤੇ ਅਤੇ ਪਰੰਪਰਾਗਤ ਕਿੱਤੇ ਤਹਿਸ ਨਹਿਸ ਹੋਏ ਹਨ। ਖੇਤੀਬਾੜੀ ਵਿੱਚ ਸਨਅਤੀਕਰਨ ਦੇ ਅਮਲ ਨੇ ਭੂਮੀਹੀਣਾਂ ਦੀ ਗਿਣਤੀ ਵਿੱਚ ਭਾਰੀ ਵਾਧਾ ਕੀਤਾ ਹੈ, ਪਰੰਤੂ ਇਸ ਦਾ ਭਾਵ ਇਹ ਨਹੀਂ ਕਿ ਸਮਾਜ ਵਿੱਚੋਂ ਜਾਤ-ਪਾਤ ਪ੍ਰਬੰਧ ਖ਼ਤਮ ਹੋ ਗਿਆ ਹੈ।[12] ਸੀ. ਬੀ. ਬਵੈਸਟਰ ਅਨੁਸਾਰ, ਸਿਰਫ਼ ਜਾਤ ਹੀ ਨਿਰਧਾਰਤ ਕਰਦੀ ਹੈ ਕਿ ਦਲਿਤ ਕੌਣ ਹੈ ? ਧਰਮ ਜਾਂ ਜਮਾਤ ਨਹੀਂ। ਕਿਉਂਕਿ ਸਮਾਜਿਕ ਧੱਬੇ ਅਤੇ ਅਯੋਗਤਾ ਦੀਆਂ ਕਈ ਕਿਸਮਾਂ ਸਿਰਫ਼ ਜਾਤ ਰਾਹੀਂ ਹੀ ਲਾਗੂ ਹੋ ਜਾਂਦੀਆਂ ਹਨ। ਇਹ ਹੀ ਦਲਿਤ ਦੀਆਂ ਵਿਸ਼ੇਸ਼ਤਾਵਾਂ ਨਿਰਧਾਰਤ ਕਰਦੀਆਂ ਹਨ ਅਤੇ ਇਹ ਤਾਂ ਵੀ ਉਵੇਂ ਹੀ ਕਾਇਮ ਰਹਿੰਦੀਆਂ ਹਨ ਭਾਵੇਂ ਉਹ ਜਮਾਤ ਜਾਂ ਧਰਮ ਤਬਦੀਲ ਵੀ ਕਰ ਲੈਣ।[13] ਹਰੀਜਨ ਦਾ ਅਰਥ ਕੀ ਹਾਲੀ ਵੀ ਚੂੜ੍ਹਾ ਜਾਂ ਚਮਿਆਰ ਨਹੀਂ ? ਜੇ ਉਹ ਸਿੱਖ ਬਣੇ ਤਾਂ 'ਚੌਥੇ ਪੌੜੇ' ਦੇ ਹੋ ਗਏ, ਜੇ ਉਹ ਆਰੀਆ ਸਮਾਜੀ ਬਣੇ ਤਾਂ 'ਮਹਾਸ਼ੇ' ਹੋ ਗਏ, ਜੇ ਕ੍ਰਿਸਤਾਨੀ ਬਣੇ ਤਾਂ 'ਹਸਾਈ' ਹੋ ਗਏ। ਬਣਿਆ ਕੀ ਉਹਨਾਂ ਦਾ ? ਚੌਥੇ ਪੌੜੇ ਦੇ, ਮਹਾਸ਼ੇ, ਹਸਾਈ ਤੇ ਹਰੀਜਨ ਕਹਿਣ ਨਾਲ ਉਨ੍ਹਾਂ ਦੀ ਜੀਵਨ-ਪੱਧਰ ਉੱਚਾ ਨਹੀਂ ਹੋਇਆ।[14] ਇਸ ਤਰ੍ਹਾਂ ਇਹ ਤੱਥ ਨਿਖਰਕੇ ਸਾਹਮਣੇ ਆਉਂਦਾ ਹੈ ਕਿ ਭਾਰਤੀ ਸੰਦਰਭ ਵਿੱਚ 'ਦਲਿਤ' ਸ਼ਬਦ ਦੀ ਵਰਤੋਂ ਸਮਾਜਿਕ (ਜਾਤੀਗਤ) ਅਤੇ ਆਰਥਿਕ ਤੌਰ 'ਤੇ ਨਪੀੜੇ ਗਏ ਲੋਕਾਂ ਲਈ ਕਰਨੀ ਹੀ ਵਧੇਰੇ ਯੋਗ ਹੈ।

ਪੰਜਾਬੀ ਦਲਿਤ ਚਿੰਤਨ ਵਿੱਚ ਦੂਸਰਾ ਮਸਲਾ ਦਲਿਤ ਸਾਹਿਤ ਸੰਬੰਧੀ ਇਹ ਉਭਰਦਾ ਹੈ ਕਿ ਦਲਿਤ ਸਾਹਿਤ ਇੱਕ ਦਲਿਤ ਵਿਅਕਤੀ ਹੀ ਲਿਖ ਸਕਦਾ ਹੈ ਜਾਂ ਕੋਈ ਅਦਲਿਤ ਵਿਅਕਤੀ ਵੀ ਲਿਖ ਸਕਦਾ ਹੈ। ਇਹ ਮਸਲਾ ਸਿਰਫ਼ ਇਸੇ ਤੱਥ ਨਾਲ ਹੀ ਜੁੜਿਆ ਹੋਇਆ ਨਹੀਂ ਹੈ, ਸਗੋਂ ਇਸ ਦੀ ਤਹਿ ਅੰਦਰ ਦਲਿਤ ਸਮੂਹ ਉੱਤੇ ਹੁੰਦੀ ਰਾਜਨੀਤੀ ਅਤੇ ਦਲਿਤਾਂ ਵਿੱਚ ਪੈਦਾ ਹੋ ਗਈ ਇੱਕ ਹੋਰ ਕਲਾਸ ਦੇ ਹਿੱਤਾਂ ਨਾਲ ਵੀ ਜੁੜਿਆ ਹੋਇਆ ਹੈ ਜਿਹੜੀ ਆਰਥਿਕ ਤੌਰ 'ਤੇ ਸੰਪੰਨ ਹੋ ਗਈ ਹੈ ਅਤੇ ਇਸ ਸਮੂਹ ਦੇ ਹਿੱਤਾਂ ਤੋਂ ਪਹਿਲਾਂ ਆਪਣੇ ਹਿੱਤਾਂ ਦੀ ਪੂਰਤੀ ਲਈ ਦੂਸਰੀਆਂ ਸੰਪੰਨ ਧਿਰਾਂ ਦੀ ਤਰਜ 'ਤੇ ਇਸ ਨੂੰ ਵੋਟ ਬੈਂਕ ਵਾਂਗ ਵਰਤ ਕੇ ਇਹਨਾਂ ਲਈ ਸਮਾਜਿਕ ਆਰਥਿਕ ਕ੍ਰਾਂਤੀ ਦਾ ਸੁਪਨਾ ਸਿਰਜਦੀ ਹੈ। ਦਲਿਤ ਦੁਆਰਾ ਹੀ ਦਲਿਤ ਸਾਹਿਤ ਲਿਖੇ ਜਾਣ ਪੱਖੀ ਵਿਚਾਰ ਨਾਲ ਜੁੜੇ ਵਿਦਵਾਨਾਂ ਦਾ ਮਤ ਹੈ ਕਿ ਜਾਤੀ ਅਨੁਭਵ ਹੀ ਅਭਿਵਿਅਕਤੀ ਯੋਗ ਹੋ ਸਕਦਾ ਹੈ। ਕਲਪਨਾ ਨੂੰ ਇਸ ਸਾਹਿਤ ਅਧੀਨ ਦੁਜੈਲੀ ਥਾਂ ਹਾਸਲ ਹੈ। ਕਲਪਨਾ ਰਾਹੀਂ ਇਸ ਕਿਸਮ ਦਾ ਅਨੁਭਵ ਜਿਸ ਵਿੱਚ ਮਨੁੱਖ ਜਾਤੀ ਆਧਾਰ 'ਤੇ ਅਪਮਾਨਿਤ ਹੁੰਦਾ ਹੋਵੇ। ਅਲੱਗ-ਥਲੱਗ ਰਹਿੰਦਾ ਹੋਵੇ, ਖਾਣ-ਪੀਣ, ਰਹਿਣ ਵਿਆਹ ਸ਼ਾਦੀਆਂ ਤੇ ਜੀਵਨ ਦੇ ਸਹਿਜ ਵਰਤਾਰੇ ਤੋਂ ਬੇਗਾਨਾ ਹੋਵੇ, ਉਸ ਦੀ ਯਥਾਰਥਕ ਪਕੜ ਤੇ ਪੇਸ਼ਕਾਰੀ ਸਹਿਜ ਨਹੀਂ ਹੋ ਸਕਦੀ।[15] ਸ਼ਿਓਰਾਜ ਸਿੰਘ ਬੇਚੈਨ ਦਾ ਮਤ ਹੈ ਕਿ, ਅੱਜ ਦਲਿਤ ਸਾਹਿਤ ਦੇ ਨਾਂ 'ਤੇ ਹਾਸਲ ਹੁੰਦੇ ਸਾਹਿਤ ਨੂੰ ਦੋ ਹਿੱਸਿਆਂ ਵਿੱਚ ਵੰਡਕੇ ਸਮਝਿਆ ਜਾ ਸਕਦਾ ਹੈ। ਇੱਕ ਉਹ ਸਾਹਿਤ ਜਿਹਦੇ ਸਿਰਜਕ ਕਦੇ ਵੀ ਦਲਿਤ ਨਹੀਂ ਰਹੇ। ਪਰ ਦਲਿਤਾਂ ਨੂੰ ਵਿਸ਼ਾ ਬਣਾਕੇ ਆਪਣਾ ਆਪਾ (ਮਨ) ਖੁਸ਼ ਕਰਨ ਲਈ ਮਨਘੜਤ ਸਾਹਿਤ ਰਚਦੇ ਰਹੇ। ਦੂਜਾ - ਦਲਿਤ ਸਾਹਿਤ, ਜਿਹਨੂੰ ਦਲਿਤਾਂ ਨੇ ਆਪਣੇ ਪੁਰਖਿਆਂ ਦੀ ਸਾਹਿਤ ਪਰੰਪਰਾ ਵਿੱਚ ਹਾਸਲ ਕੀਤਾ ਅਤੇ ਵੇਲੇ ਅਨੁਸਾਰ ਸੰਦਰਭ ਸਾਹਿਤ ਵਿਕਸਿਤ ਕੀਤਾ। ਜਿਹਦੀ ਪਿੱਠਭੂਮੀ ਹਿੰਦੀ ਖੇਤਰ ਵਿੱਚ ਰੈਦਾਸ, ਕਬੀਰ, ਅਛੂਤਾ ਨੰਦ, ਮਰਾਠੀ ਵਿੱਚ ਚੋਖਾ ਮੇਲਾ, ਦੱਖਣ ਵਿੱਚ ਐਕਾਲੀ ਅਤੇ ਫਿਰ ਆਧੁਨਿਕ ਕਾਲ

ਵਿੱਚ ਮਹਾਂ-ਨਾਇਕ ਬਾਬਾ ਸਾਹਿਬ ਡਾ. ਅੰਬੇਦਕਰ ਦੀ ਪ੍ਰੇਰਨਾ ਮੁੱਖ ਹੈ। ਹਾਂ ਮੈਂ ਇਹਨੂੰ ਇਕਲੌਤੀ ਪ੍ਰੇਰਨਾ ਨਹੀਂ ਕਹਾਂਗਾ। ਇਹਦੇ ਇਲਾਵਾ ਦਲਿਤ ਸਾਹਿਤਕਾਰਾਂ ਉੱਤੇ ਦੇਸ਼, ਕਾਲ ਪਰਸਥਿਤੀਆਂ ਦੇ ਮੁਤਾਬਕ ਬਹੁਤ ਸਾਰੇ ਵਿਚਾਰਾਂ, ਵਾਦਾਂ, ਵਿਚਾਰਧਾਰਾਵਾਂ ਦਾ ਪ੍ਰਭਾਵ ਪਿਆ ਹੈ। ਉਹਨੂੰ ਨਕਾਰਿਆ ਜਾਣਾ ਬਣਾਵਟੀ ਹੈ।[16] ਉਪਰੋਕਤ ਵਿੱਚ ਦਲਿਤ ਸਾਹਿਤ ਲਿਖੇ ਜਾਣ ਸੰਬੰਧੀ ਅਨੁਭਵ ਦੇ ਨਾਲ-ਨਾਲ ਪਰੰਪਰਿਕ ਸਾਹਿਤਕ ਵਿਰਸੇ ਵਿੱਚੋਂ ਵਿਚਾਰਧਾਰਕ ਸੇਧ ਲੈਣ ਦੇ ਸੰਕੇਤ ਵੀ ਪ੍ਰਾਪਤ ਹੁੰਦੇ ਹਨ।ਇਸ ਦੇ ਨਾਲ ਕੁਝ ਕੁ ਹੋਰ ਤੱਥਾਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ ;

(ੳ) ਆਤਮ ਸਨਮਾਨ ਦੀ ਅਨੁਭੂਤੀ ਵਿੱਚ ਆਤਮਸ਼ੋਧ ਕਰਨਾ।

(ਅ) ਆਤਮ ਸਨਮਾਨ ਦੇ ਵਿਰੋਧ ਵਿੱਚ ਆਉਣ ਵਾਲੀਆਂ ਪਰੰਪਰਾਵਾਂ ਅਤੇ ਧਰਮ ਨੂੰ ਨਕਾਰਨਾ।

(ੲ) ਧਰਮ ਅਤੇ ਪਰੰਪਰਾ ਦੀ ਜ਼ਬਰਦਸਤੀ ਦੇ ਖ਼ਿਲਾਫ਼ ਵਿਦਰੋਹ ਕਰਨਾ।

(ਸ) ਸਵਤੰਤਰਤਾ ਅਥਵਾ ਜਨਤੰਤਰ ਮੋਹਕ ਨਾਵਾਂ ਦੇ ਬਹਾਨੇ ਦੰਭ ਨਜਰ ਆਏ ਤਾਂ ਉਸ ਦੇ ਵਿਰੁੱਧ ਵੀ ਬਗਾਵਤ ਕਰਨਾ।

(ਹ) ਮਨੁੱਖ ਨਾਲ ਮਨੁੱਖ ਤੌਰ ’ਤੇ ਵਰਤਾਵ ਨਾ ਕੀਤੇ ਜਾਣ ਦੀ ਵੇਦਨਾ ਦੀ ਅਭਿਵਿਅਕਤੀ ਕਰਨਾ।

(ਕ) ਮਨੁੱਖ ਨਾਲ ਮਨੁੱਖ ਦੇ ਤੌਰ ’ਤੇ ਵਰਤਾਵਾ ਕਰਨਾ, ਆਦਰਨੀਯ ਹੋਣਾ।

(ਖ) ਡਾ. ਅੰਬੇਦਕਰ ਅਤੇ ਮਹਾਤਮਾ ਫੁੱਲੇ ਪ੍ਰਤੀ ਅਸੀਮ ਕਿਰੱਤਗਤਾ ਦੀ ਭਾਵਨਾ ਦਾ ਪ੍ਰਸਫੁਟਨ।[17]

ਉਪਰੋਕਤ ਤੱਥ ਆਤਮ ਸਨਮਾਨ ਲਈ ਉਪਰਾਲੇ, ਧਰਮ ਤੇ ਪਰੰਪਰਾ ਦਾ ਵਿਰੋਧ ਅਤੇ ਡਾ. ਅੰਬੇਦਕਰ ਅਤੇ ਮਹਾਤਮਾ ਫੂਲੇ ਦੇ ਦਲਿਤਾਂ ਲਈ ਕੀਤੇ ਕਾਰਜ ਕਾਰਨ ਉਹਨਾਂ ਪ੍ਰਤੀ ਅਸੀਮ ਸ਼ਰਧਾ ਨੂੰ ਨਹੀਂ ਵਿਸਾਰਨਾ ਚਾਹੀਦਾ ਨੂੰ ਪ੍ਰਵਾਹਤ ਕਰਦੇ ਹਨ। ਨਿਰਸੰਦੇਹ ਸਾਹਿਤਕ ਪੇਸ਼ਕਾਰੀ ਵਿੱਚ ਅਨੁਭਵ ਦਾ ਅੱਵਲ ਸਥਾਨ ਹੈ ਤੇ ਉਪਰਲੇ ਤੱਤ ਵੀ ਦਲਿਤ ਜੀਵਨ ਦੇ ਅਨੁਭਵ ਹੋਣ ਵੱਲ ਹੀ ਇਸ਼ਾਰਾ ਕਰਦੇ ਹਨ ਪਰੰਤੂ ਬਹੁਤ ਵਾਰ ਅਦਲਿਤ ਵਿਅਕਤੀ ਦਲਿਤਾਂ ਨਾਲ ਜੁੜਕੇ ਸਹਿਜ ਹੀ ਦਲਿਤ ਜੀਵਨ ਦਾ ਅਨੁਭਵ ਪ੍ਰਾਪਤ ਕਰਦੇ ਹਨ ਜਾਂ ਦਲਿਤ ਸਥਿਤੀ ਨੂੰ ਦੇਖ ਕੇ ਕਿਸੇ ਮਨੁੱਖ ਦੇ ਮਨ ਵਿੱਚ ਵਿੱਚ ਹਮਦਰਦੀ ਜਾਂ ਵਿਦਰੋਹੀ ਭਾਵ ਉਤਪੰਨ ਹੁੰਦੇ ਹਨ ਜੇਕਰ ਉਹਨਾਂ ਨੂੰ ਅਦਲਿਤ ਪੇਸ਼ ਕਰ ਦਿੰਦਾ ਹੈ ਤਾਂ ਉਸ ਨੂੰ ਦਲਿਤ ਸਾਹਿਤ ਦੀ ਕੋਟੀ ਵਿੱਚੋਂ ਬਾਹਰ ਨਹੀਂ ਧੱਕ ਦੇਣਾ ਚਾਹੀਦਾ। ਇਹ ਨਿਰਣਾ ਲੈ ਲੈਣਾ ਕਿ ਦਲਿਤ ਜੀਵਨ ਦਾ ਅਨੁਭਵ ਦਲਿਤ ਨੂੰ ਹੀ ਹੋ ਸਕਦਾ ਹੈ ਗਲਤ ਪ੍ਰਤੀਤ ਹੁੰਦਾ ਹੈ, ਕਿਉਂਕਿ ਬਹੁਤ ਵਾਰ ਅਦਲਿਤ ਸਾਹਿਤਕਾਰਾਂ ਦੁਆਰਾ ਰਚਿਤ ਸਾਹਿਤ ਦਲਿਤ ਸਾਹਿਤਕਾਰਾਂ ਦੇ ਅਨੁਭਵ ਤੋਂ ਵੀ ਅਗਾਂਹ ਲੰਘ ਜਾਂਦਾ ਹੈ, ਹਾਂ ਜਾਤੀ ਹੀਣਤਾ ਦੇ ਸੰਬੰਧ ਵਿੱਚ ਇਹ ਤੱਥ ਮੰਨਣਯੋਗ ਹੈ, ਪਰ ਉਸਨੂੰ ਵੀ ਸਾਹਿਤਕਾਰ ਦੀ ਕਲਪਨਾ ਸ਼ਕਤੀ ਪੂਰਨ ਦਾ ਯਤਨ ਕਰਦੀ ਹੈ। ਹਰ ਵਿਅਕਤੀ ਦੇ ਧੁਰ ਅੰਤਰ ਬਿਰਜਮਾਨ ਊਣਤਾਈਆਂ ਉਸਨੂੰ ਉਸਦੇ ਆਪਣੇ ਅੰਤਰ ਸਾਹਵੇਂ ਦਲਿਤ ਬਣਾਉਂਦੀਆਂ ਹਨ ਤੇ ਇਹੋ ਸਥਿਤੀ ਸਾਹਿਤਕਾਰ ਨੂੰ ਦਲਿਤ ਦੀ ਸਥਿਤੀ ਅਤੇ ਪੀੜ੍ਹ ਸਮਝਣ ਲਈ ਸਹਾਰਾ ਬਣਦੀ ਹੈ। ਇਹ ਧਾਰਨਾ ਕਿ, ‘ਉਚ ਜਾਤੀਆਂ ’ਚ ਜਨਮੇ ਸਾਹਿਤਕਾਰ ਉਨ੍ਹਾਂ ਦੇ ਪ੍ਰਤੀਨਿਧ ਹੋਣਗੇ ਤੇ ਨੀਵੀਆਂ ਜਾਤੀਆਂ ’ਚ ਜਨਮੇ ਸਾਹਿਤਕਾਰ ਇਨ੍ਹਾਂ ਦੇ।’ ਉੱਕਾ ਹੀ ਦਰੁਸਤ ਨਹੀਂ। ਭਾਰਤ ਵਿੱਚ ਦਲਿਤ ਤੇ ਪਛੜੀਆਂ ਆਖੀਆਂ ਜਾਂਦੀਆਂ ਜਾਤੀਆਂ ਤਾਂ ‘ਕੇਲਨ ਮੇਂ ਪਾਤ’ ਵਾਲੀ ਸਥਿਤੀ ਹੈ। ਬਕੌਲ ਕਾਂਸ਼ੀ ਰਾਮ ਛੇ ਹਜ਼ਾਰ ਤੇ ਸੰਵਿਧਾਨ ਮੁਤਾਬਕ ਤਿੰਨ ਹਜ਼ਾਰ ਦੇ ਕਰੀਬ। ਜੇ ਉਪਰੋਕਤ ਸਿਧਾਂਤ ਨੂੰ ਲਾਗੂ ਕਰਨ ਦੀ ਹਿਮਾਕਤ ਕੀਤੀ ਜਾਂਦੀ ਹੈ ਤਾਂ ਦਲਿਤ ਸਾਹਿਤ ਵੀ ਦਰਜਨਾਂ ਜਾਂ ਫਿਰ ਸੈਂਕੜੇ, ਹਜ਼ਾਰਾਂ ਹਿੱਸਿਆਂ ਵਿੱਚ ਵੰਡੇ ਜਾਣ ਲਈ ਸਰਾਪਿਆ ਹੋਵੇਗਾ।[18]

ਫੈਨਨ ਦਾ ਇਹ ਵੀ ਯਕੀਨ ਹੈ ਕਿ ਕੌਮੀ ਚੇਤਨਤਾ ਕੌਮਵਾਦੀ ਨਹੀਂ।ਕੌਮੀ ਚੇਤਨਤਾ ਨਾਲ ਹੀ ਅੰਤਰਰਾਸ਼ਟਰੀ ਪਾਸਾਰ ਹੋਂਦ ਵਿੱਚ ਆਉਂਦਾ ਹੈ। ਕੌਮੀ ਚੇਤਨਤਾ ਦੇ ਦਿਲ ਵਿੱਚ ਹੀ ਅੰਤਰਰਾਸ਼ਟਰੀ ਚੇਤਨਤਾ ਜਿਉਂਦੀ ਅਤੇ ਵਿਗਸਦੀ ਹੈ।[19] ਜਾਤੀ ਚੇਤਨਤਾ ਵਿੱਚੋਂ ਜਮਾਤੀ ਚੇਤਨਤਾ ਵਿਗਸ ਸਕਦੀ ਹੈ, ਪਰੰਤੂ ਜੇਕਰ ਜਾਤੀ ਚੇਤਨਾ ਨੂੰ ‘ਦਲਿਤ ਚੇਤਨਾ’ ਬਣਾ ਕੇ ਇਸੇ ਘੇਰੇ ਵਿੱਚ ਹੀ ਘੁੰਮਾਇਆ ਗਿਆ ਜਿੱਥੇ ਦਲਿਤ ਸਾਹਿਤ ਦਲਿਤ ਹੀ ਲਿਖ ਸਕਦਾ ਹੈ ਵਰਗੇ ਮਸਲੇ ਹੀ ਦਲਿਤ ਚਿੰਤਨ ਵਿੱਚ ਬਹਿਸ ਦਾ ਮੁੱਦਾ ਬਣੇ ਰਹਿਣ ਉੱਥੇ ਦਲਿਤਾਂ ਦੇ ਉਦਾਰ ਦੀ ਥਾਵੇਂ ਇਹਨਾਂ ਨੂੰ ਵਿਭਿੰਨ ਰਾਜਨੀਤਿਕ ਪਾਰਟੀਆਂ ਦੇ ਵੋਟ ਬੈਂਕ ਤੋਂ ਵੱਧ ਤਸੱਵਰ ਹੀ ਨਹੀਂ ਕੀਤਾ ਜਾ ਸਕਦਾ। ਜ਼ਾਤੀ ਅਧਾਰਤ

ਵਿਚਾਰਧਾਰਾ ਚਾਹੇ ਆਪਣੇ ਆਪ ਨੂੰ ਕਿੰਨਾਂ ਮਰਜੀ ਇਨਕਲਾਬੀ ਮੰਨਦੀ ਹੋਵੇ ਪਰ ਅਖੀਰ ਇਹ ਮੌਜੂਦਾ ਪੂੰਜੀਵਾਦ ਦੇ ਹੱਕ ਵਿੱਚ ਹੀ ਭੁਗਤਦੀ ਹੈ ਤੇ ਬੁਰਜੂਆ ਪ੍ਰਬੰਧ ਦੀ ਉਮਰ ਲੰਮੇਰੀ ਕਰਨ ਵਿੱਚ ਸਹਾਈ ਹੁੰਦੀ ਹੈ।[20] ਫਰਾਂਜ ਫੈਨਨ ਦਾ ਮਹੱਤਵਪੂਰਨ ਵਿਚਾਰ ਇਹ ਹੈ ਕਿ ਕੌਮੀ ਚੇਤਨਤਾ ਨੂੰ ਛੇਤੀ ਤੋਂ ਛੇਤੀ ਸਮਾਜਿਕ ਤੇ ਰਾਜਨੀਤਿਕ ਚੇਤਨਤਾ ਵਿੱਚ ਬਦਲਣਾ ਜਰੂਰੀ ਹੈ। ਇਹ ਦਾ (ਇਸ ਤਰ੍ਹਾਂ ਨਾ) ਵਾਪਰਨ ਦੀ ਸੂਰਤ ਵਿੱਚ ਕੌਮੀ ਚੇਤਨਤਾ ''ਨਿਪੁੰਸਕ ਰੂਪਵਾਦ'' ਵਿੱਚ ਬਦਲ ਜਾਂਦੀ ਹੈ। ਫੈਨਨ ਦੇ ਸ਼ਬਦਾਂ ਵਿੱਚ ਕੌਮੀ ਚੇਤਨਤਾ ਦੀ ਇਹ ਸਥਿਤੀ ਇਸ ਨੂੰ ''ਅੰਨੀ ਗਲੀ'' ਵਿੱਚ ਲੈ ਜਾਂਦੀ ਹੈ।[21] ਜੇਕਰ ਦਲਿਤ ਚੇਤਨਾ ਦੇ ਮੁੱਦਈਆਂ ਨੇ ਸਮਿਅਕ ਸਥਿਤੀਆਂ ਨੂੰ ਸਮਝਦਿਆਂ ਦਲਿਤ ਚਿੰਤਨ ਦੀ ਵਿਚਾਰਧਾਰਕ ਸਥਿਤੀ ਨੂੰ ਸਪੱਸ਼ਟ ਨਾ ਕੀਤਾ ਤੇ ਇਸਨੂੰ ਇਸੇ ਚੱਕੀ ਗੇੜ ਵਿੱਚ ਪਾਈ ਰੱਖਿਆ ਤਾਂ ਇਹ ਚੇਤਨਾ ਵੀ ਦਲਿਤ ਵਰਗ ਨੂੰ ਅੰਨੀ ਗਲੀ ਵੱਲ ਲੈ ਜਾਵੇਗੀ, ਜਿੱਥੇ ਦਲਿਤ ਵਰਗ ਦੀ ਸਥਿਤੀ ਵਿੱਚ ਕਦੇ ਵੀ ਸੁਧਾਰ ਆਉਣ ਦੀ ਉਮੀਦ ਨਹੀਂ ਹੋਵੇਗੀ।

ਦਲਿਤ ਚੇਤਨਾ ਬ੍ਰਾਹਮਣਵਾਦ ਦਾ ਵਿਰੋਧ ਕਰਦੀ ਹੈ, ਅੰਬੇਦਕਰਵਾਦ ਨੂੰ ਆਧਾਰ ਮੰਨਦੀ ਹੈ, ਮਾਰਕਸਵਾਦ ਨਾਲ ਤਨਾਅਗ੍ਰਸਤ (ਸਾਂਝ/ਅਸਾਂਝ) ਦਾ ਰਿਸ਼ਤਾ ਰੱਖਦੀ ਹੈ ਅਤੇ ਸਮਾਜਿਕ ਪਰਿਵਰਤਨ ਨੂੰ ਪਹਿਲ ਦਿੰਦੀ ਹੈ ਪਰ ਇਸ ਦਾ ਵਿਚਾਰਧਾਰਕ ਦ੍ਰਿਸ਼ਟੀਕੋਣ ਕੀ ਹੈ ਸਪੱਸ਼ਟ ਨਹੀਂ ਹੈ ਕਿਉਂਕਿ ਇਸ ਵਰਗ ਦਾ ਵੱਖ-ਵੱਖ ਧਰਮਾਂ ਨਾਲ ਜੁੜ ਕੇ ਉਹਨਾਂ ਦਾ ਹਿੱਸਾ ਬਣ ਜਾਣ ਦੇ ਬਾਵਜੂਦ ਨਿਮਨ ਵਰਗ ਵਿੱਚ ਹੀ ਸ਼ਾਮਲ ਰਹਿਣਾ ਇਸ ਦੀ ਵਿਚਾਰਧਾਰਕ ਦ੍ਰਿਸ਼ਟੀ ਨੂੰ ਧੁੰਦਲਾ ਕਰਦਾ ਹੈ ਤੇ ਕਿਸੇ ਇੱਕ ਵਿਚਾਰਧਾਰਾ ਨਾਲ ਜੁੜਨ ਤੋਂ ਹੋੜਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਡਾ. ਅੰਬੇਦਕਰ ਨੇ ਭਾਰਤੀ ਸਮਾਜ ਦੀ ਚੀੜ੍ਹੀ ਸੰਸੰਥਾ ਨੂੰ ਜਿਸ ਰੂਪ ਵਿੱਚ ਸਮਝਿਆ, ਉਸ ਤੋਂ ਪਹਿਲਾਂ ਕਿਸੇ ਨੇ ਵੀ ਇਸ ਰੂਪ ਵਿੱਚ ਸਮਝਣ ਦਾ ਯਤਨ ਨਹੀਂ ਕੀਤਾ ਪਰੰਤੂ ਮੌਜੂਦਾ ਸਮੇਂ ਦੇ ਅਖਾਉਤੀ ਦਲਿਤਵਾਦੀਆਂ ਨੇ ਇਸ ਸਾਰੇ ਕੁਝ ਨੂੰ ਸੰਕੀਰਨ, ਇਕਹਿਰਾ ਅਤੇ ਅਵਿਗਿਆਨਕ ਬਣਾ ਦਿੱਤਾ ਹੈ ਕਿ ਸਮਾਜੀ ਵਾਤਾਵਰਣ ਵਿੱਚ ਲੋਕ-ਮੁਹਾਜ ਸਿਰਜਣ ਦੀ ਥਾਵੇਂ ਈਰਖਾ, ਵਿਰੋਧ ਅਤੇ ਬੁਖਲਾਹਟ ਪੈਦਾ ਕਰ ਦਿੱਤੀ ਹੈ ਇਸ ਨਾਲ ਦਲਿਤ ਸਮੱਸਿਆ, ਦਲਿਤ ਚੇਤਨਾ ਅਤੇ ਅਗਾਉਂ ਇਸ ਵਰਤਾਰੇ ਨੂੰ ਪਾਰ ਲਾਉਣ ਵਾਲੀ ਦਲਿਤ-ਦ੍ਰਿਸ਼ਟੀ ਬਹੁਤ ਸਾਰੇ ਸੰਕਟਾਂ ਵਿੱਚ ਘਿਰ ਗਈ ਹੈ।[22] ਇਹਨਾਂ ਸੰਕਟਾਂ ਤੋਂ ਮੁਕਤ ਹੋਣ ਅਤੇ ਸਮਾਜਿਕ ਪਰਿਵਰਤਨ ਲਈ ਦਲਿਤ ਵਰਗ ਪਾਸ ਵਿਚਾਰਧਾਰਕ ਦ੍ਰਿਸ਼ਟੀ ਦਾ ਹੋਣਾ ਅਤਿਅੰਤ ਜਰੂਰੀ ਹੈ। ਜੇਕਰ ਅਸੀਂ ਜਾਤ ਵਿਵਸਥਾ ਖ਼ਤਮ ਕਰਨੀ ਹੈ ਤਾਂ ਸਾਨੂੰ ਜਮਾਤੀ ਲੜਾਈ ਵੀ ਲੜਨੀ ਪਵੇਗੀ। ਦਲਿਤ ਜਦੋ-ਜਹਿਦ ਦੇ ਵਿੱਚ ਸਮਾਜਿਕ, ਆਰਥਿਕ, ਸੱਭਿਆਚਾਰਕ ਤੇ ਸਿਆਸਤ ਆਦਿ ਦੇ ਪੱਖੋਂ ਲਿਤਾੜੇ ਜਾ ਰਹੇ ਵੱਖ-ਵੱਖ ਵਰਗਾਂ ਨੂੰ ਸ਼ਾਮਲ ਕਰਨਾ ਪਵੇਗਾ। ਦਲਿਤ, ਦਮਿਤ, ਉਤਪੀੜਤ ਤੇ ਵੰਚਿਤ ਵਰਗਾਂ ਦੀ ਇੱਕਜੁਟਤਾ ਕਾਇਮ ਕਰਨੀ ਪਵੇਗੀ।[23] ਅਜਿਹਾ ਨਾ ਕਰਨ ਦੀ ਸੂਰਤ ਵਿੱਚ ਇਹ ਵਰਗ ਆਪਣੇ ਹੱਕਾਂ ਦੀ ਪ੍ਰਾਪਤੀ ਨਹੀਂ ਕਰ ਸਕੇਗਾ। ਜਿਸ ਦੀ ਮਦਦਗਾਰ ਡਾ. ਅੰਬੇਦਕਰ ਦੇ ਯਤਨਾਂ ਨਾਲ ਰਾਹਤ ਪ੍ਰਾਪਤ ਕਰਕੇ ਹੋਂਦ ਵਿੱਚ ਆਈ ਦਲਿਤ ਇਲੀਟ ਕਲਾਸ ਵੀ ਬਣਦੀ ਹੈ।ਸਭ ਤੋਂ ਵੱਡੀ ਵਿਡੰਬਨਾ ਇਹ ਹੈ ਕਿ ਕੌਮੀ ਸਰਮਾਏਦਾਰੀ ਨੇ ਇਹਨਾਂ ਨੂੰ ਰਿਜ਼ਰਵੇਸ਼ਨ ਦਾ ਲਾਲਚ ਦੇ ਕੇ ਵਰਤਣ ਦੀ ਕੋਸ਼ਿਸ਼ ਕੀਤੀ ਹੈ। ਵੱਖ-ਵੱਖ ਸਮੇਂ ਇੱਕ ਤੋਂ ਬਾਅਦ ਦੂਜੀਆਂ ਭਾਰਤੀ ਸੱਤਾ ਉੱਪਰ ਕਾਬਜ਼ ਜਮਾਤਾਂ ਨੇ ਇਹਨਾਂ ਨੂੰ ਨੌਕਰੀਆਂ ਆਦਿ ਦੇ ਲਾਲਚ ਦੇ ਕੇ ਆਪਣੇ ਪਿਛਲੱਗ ਬਣਾਈ ਰੱਖਣ ਦੇ ਯਤਨ ਕੀਤੇ, ਜਿਸ ਕਾਰਨ ਭਾਵੇਂ ਕਿ ਨੀਵੀਆਂ ਜਾਤਾਂ ਦੇ ਇੱਕ ਹਿੱਸੇ ਨੂੰ ਇਸਦਾ ਕੁਝ ਲਾਭ ਵੀ ਪ੍ਰਾਪਤ ਹੋਇਆ ਹੈ ਪਰ ਇਹਨਾਂ ਦਾ ਇੱਕ ਵੱਡਾ ਹਿੱਸਾ ਪੈਦਾਵਾਰੀ ਸਰੋਤਾਂ ਵਿੱਚੋਂ ਹਿੱਸਾ ਨਾ ਮਿਲਣ ਕਾਰਨ ਆਪਣੀ ਮਿਹਨਤ ਵੇਚਣ ਦੇ ਬਾਵਜੂਦ ਅੱਜ ਵੀ ਕੰਗਾਲੀ ਦੀ ਜ਼ਿੰਦਗੀ ਹਢਾਉਣ ਲਈ ਮਜ਼ਬੂਰ ਹੈ। ਹੁਕਮਰਾਨ ਜਮਾਤਾਂ ਨੇ ਵੋਟ ਬੈਂਕ ਨੂੰ ਪੱਕਿਆਂ ਕਰਨ ਲਈ ਨੀਵੀਆਂ ਜਾਤੀਆਂ ਵਿੱਚੋਂ ਹੋਂਦ ਵਿੱਚ ਆਏ ਕੁਲੀਨ ਵਰਗ (elite class) ਨੂੰ ਆਪਣੇ ਵਿੱਚ ਸਮੋ ਲਿਆ ਹੈ ਜਿਸ ਕਾਰਨ ਇਹ ਵਰਗ ਲਿਤਾੜੇ ਜਾ ਰਹੇ ਵਰਗ ਵੱਲੋਂ ਮੂੰਹ ਮੋੜ ਬੈਠਾ ਹੈ ਅਤੇ ਦਲਿਤਾਂ ਨੂੰ ਮਿਲਿਆਂ ਕੁਝ ਰਿਆਇਤਾਂ ਵਿੱਚੋਂ ਰਾਖਵੇਂਪਣ ਨੂੰ ਖੁਦ ਹੀ ਹੜਪ ਕਰ ਰਿਹਾ ਹੈ।[24] ਇਸ ਤਰ੍ਹਾਂ ਦਲਿਤਾਂ ਅੰਦਰ ਪੈਦਾ ਹੋ ਗਈ ਇਹ ਇਲੀਟ ਕਲਾਸ ਦਲਿਤਵਾਦ ਜਾਂ ਜਾਤ ਦੇ ਨਾਂ ਤੇ ਦਲਿਤ ਵਰਗ ਦਾ ਸ਼ੋਸ਼ਣ ਕਰਦੀ ਹੈ, ਇਹਨਾਂ ਦੇ ਹਿੱਤ ਵੀ ਸਵਰਨਾਂ ਵਾਲੇ ਹਨ। ਅੱਜ ਇਹ ਵੀ ਸੱਤਾ ਪ੍ਰਾਪਤੀ ਲਈ ਸਵਰਨ ਵਰਗਾਂ ਵਾਂਗ ਦਲਿਤ ਵਰਗ ਨੂੰ ਵਰਤ ਰਹੀ ਹੈ। ਇਹੀ ਕਾਰਨ ਹੈ ਕਿ ਬਸਪਾ ਦਲਿਤ ਚੇਤਨਾ ਦੇ ਉਭਾਰ ਨੂੰ ਵਰਤਕੇ ਅਤੇ ਦਲਿਤਾਂ ਨੂੰ ਗੁੰਮਰਾਹ ਕਰਕੇ ਰਾਜਸੱਤਾ ਹਾਸਲ ਕਰਨਾ ਚਾਹੁੰਦੀ ਹੈ। ਉਹ ਜਾਤੀ ਗਿਣਤੀਆਂ ਮਿਣਤੀਆਂ ਨੂੰ ਆਧਾਰ ਬਣਾ ਕੇ ਚੋਣਾਂ ਲੜਦੀ ਹੈ ਅਤੇ ਵੋਟਰ ਵੀ ਵੋਟਾਂ ਪਾਉਣ ਲੱਗਿਆਂ ਜਾਤ ਨੂੰ ਮੂਹਰੇ ਰੱਖਦੇ ਹਨ। ਇਸ ਕਾਰਨ ਸਦੀਆਂ ਤੋਂ ਚਲੇ ਆ ਰਹੇ ਆਰਥਿਕ ਤੇ ਸਮਾਜਿਕ ਦਾਬੇ ਕਰਕੇ ਨੀਵੀਆਂ ਜਾਤੀਆਂ ਦੇ ਲੋਕ ਆਪਣੇ ਸੁਤੰਤਰ ਫੈਸਲੇ ਲੈਣ ਤੋਂ ਅਸਮਰੱਥ ਹਨ। ਇਸ ਤਰ੍ਹਾਂ ਜਾਤ ਦੀ ਰਾਜਨੀਤੀ ਆਮ ਲੋਕਾਂ ਦੀ ਰਾਜਨੀਤਿਕ ਚੇਤਨਾ ਨੂੰ ਪ੍ਰਬੰਧ ਦੇ ਖਿਲਾਫ਼ ਖੁੰਢਾ ਕਰਨ ਦੀ ਭੂਮਿਕਾ ਨਿਭਾ ਰਹੀ ਹੈ।[25]

ਦਲਿਤ ਵਰਗ ਦੇ ਨਾਂ ਤੇ ਹੁੰਦੀ ਰਾਜਨੀਤੀ ਇਸ ਵਰਗ ਨੂੰ ਦਿਸ਼ਾਹੀਣਤਾ ਪ੍ਰਦਾਨ ਕਰ ਰਹੀ ਹੈ ਅਤੇ ਕਿਸੇ ਵੀ ਵਿਚਾਰਧਾਰਕ ਦ੍ਰਿਸ਼ਟੀ ਤੋਂ ਲਾਂਭੇ ਰੱਖਣ ਵਿੱਚ ਅਹਿਮ ਭੂਮਿਕਾ ਨਿਭਾ ਰਹੀ ਹੈ। ਇੱਥੇ ਇਹ ਕਹਿਣਾ ਵੀ ਕੁਥਾਂ ਨਹੀਂ ਹੋਵੇਗਾ ਕਿ ਇਲੀਟ ਵਰਗ ਮੌਕਾਪ੍ਰਸਤ, ਮੌਜੂਦਾ ਸਥਾਪਤੀ ਪੱਖੀ ਹੋਣ ਕਾਰਨ ਅਤੇ ਪੂੰਜੀਵਾਦੀ ਸਮਾਜਿਕ ਅਵਸਥਾ ਵਿੱਚ ਫਿੱਟ ਹੋ ਜਾਣ ਦਲਿਤਾਂ ਨੂੰ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਲੜੇ ਜਾਣ ਦਾ ਭਰਮ ਸਿਰਜ ਰਿਹਾ ਹੈ ਤੇ ਇਸ ਵਿਵਸਥਾ ਵਿੱਚ ਬੁਨਿਆਦੀ ਤਬਦੀਲੀ ਲੈ ਆਉਣ ਦੀ ਥਾਵੇਂ ਵਿਚਾਰਧਾਰਕ ਦਿਸ਼ਾਹੀਣਤਾ ਦਾ ਸ਼ਿਕਾਰ ਹੋ ਅਤੇ ਬਣਾ ਰਿਹਾ ਹੈ। ਇਹੀ ਕਾਰਨ ਹੈ ਕਿ ਇਸ ਵਰਗ ਦੇ ਇੱਕ ਹਿੱਸੇ ਨੇ ਕਮਿਊਨਿਸਟਾਂ ਵੱਲੋਂ ਉਭਾਰੇ ਜਾਂਦੇ ਬਰਾਬਰਤਾ ਵਾਲੇ ਸਮਾਜ ਭਾਵ ਸਮਾਜਵਾਦ ਦੀ ਵਿਰੋਧਤਾ ਕੀਤੀ ਹੈ ਹਲਾਂਕਿ ਗਰੀਬ ਦਲਿਤਾਂ ਦੀ ਮੁਕਤੀ ਬਰਾਬਰਤਾ ਵਾਲੇ ਸਮਾਜ ਵਿੱਚ ਹੀ ਸੰਭਵ ਹੈ, ਇਹ ਬਰਾਬਰਤਾ ਮੌਜੂਦਾ ਪ੍ਰਬੰਧ ਵਿੱਚ ਇਨਕਲਾਬੀ ਤਬਦੀਲੀਆਂ ਤੋਂ ਬਿਨਾਂ ਸੰਭਵ ਹੀ ਨਹੀਂ ਹੈ।[26] ਇੱਥੇ ਇਹ ਤੱਥ ਵੀ ਗੌਲਣਯੋਗ ਹੈ ਕਿ ਦਲਿਤਾਂ ਵਿੱਚ ਉਤਪੰਨ ਹੋਈ ਇਲੀਟ ਕਲਾਸ ਉਪਰਲੇ ਵਰਗ ਵਿੱਚ ਪਹੁੰਚਕੇ ਬਿਨਾਂ ਸ਼ੱਕ ਸੱਤਾ ਵਿੱਚ ਹਿੱਸੇਦਾਰੀ ਅਤੇ ਸਹੂਲਤਾਂ ਪ੍ਰਾਪਤ ਕਰ ਰਹੀ ਹੈ ਪਰ ਸਵੈ-ਮਾਣ ਤੇ ਸਮਾਜਿਕ ਉੱਚਤਾ ਦੇ ਪਰਿਪੇਖ ਤੋਂ ਸਥਿਤੀ ਵਿੱਚ ਕੋਈ ਖਾਸ ਤਬਦੀਲੀ ਨਹੀਂ ਵਾਪਰੀ, ਜਿਸ ਦਾ ਕਾਰਨ ਉੱਚ ਵਰਗ ਦੇ ਜਿਹਨ ਵਿੱਚ ਸਦੀਆਂ ਪੁਰਾਣਾ ਉਚ-ਨੀਚ ਦਾ ਸੰਕਲਪ ਕਾਰਜਸ਼ੀਲ ਹੈ ਪਰੰਤੂ ਦਲਿਤ ਵਰਗ ਵਿੱਚ ਪੈਦਾ ਹੋਈ ਇਲੀਟ ਕਲਾਸ ਨੇ ਆਪਣੇ ਮੰਤਵ ਸਿੱਧੀ ਲਈ ਇਸ ਵਰਗ ਵਿੱਚ ਜਮਾਤੀ ਚੇਤਨਾ ਦੇ ਫੈਲਾਅ ਦੀ ਥਾਂਵੇਂ ਜਾਤੀ ਚੇਤਨਾ ਨੂੰ ਸਮਾਜਿਕ ਪਰਿਵਰਤਨ ਦਾ ਆਧਾਰ ਬਣਾਉਣ ਦੀ ਰਾਜਨੀਤੀ ਆਰੰਭ ਦਿੱਤੀ ਜਿਸ ਨੇ ਦਲਿਤ ਮੁਕਤੀ ਦੇ ਸਵਾਲ ਨੂੰ ਜਮਾਤੀ ਲੜਾਈ ਵੱਲੋਂ ਮੋੜ ਕੇ ਜਾਤੀ ਸੰਘਰਸ਼ ਵੱਲ ਲੈ ਆਂਦਾ ਹੈ। ਇਸ ਮਸਲੇ ਨੂੰ ਮਹੀਨ ਬੁੱਧੀ ਅਤੇ ਸੂਖਮ ਦ੍ਰਿਸ਼ਟੀ ਨਾਲ ਸਮਝਣ ਤੇ ਘੋਖਣ ਦੀ ਜਰੂਰਤ ਹੈ।

ਅਜੋਕਾ ਸਮਾਂ ਨਿੱਜੀਕਰਨ, ਉਦਾਰੀਕਰਨ ਤੇ ਸੰਸਾਰੀਕਰਨ ਦਾ ਹੈ ਇਸ ਸਮੇਂ ਨੇ ਦਲਿਤ ਵਰਗ ਦੀਆਂ ਸਮੱਸਿਆਵਾਂ ਵਿੱਚ ਹੋਰ ਵੀ ਵਾਧਾ ਕੀਤਾ ਹੈ। ਸਿੱਖਿਆ, ਸਿਹਤ ਤੇ ਰੁਜ਼ਗਾਰ ਪੱਖੋਂ ਇਸ ਵਰਗ ਨੂੰ ਵਧੇਰੇ ਮਾਰ ਪਈ ਹੈ। ਨਿੱਜੀਕਰਨ ਰਾਹੀਂ ਦਲਿਤ ਵਸੋਂ ਤੋਂ ਉਹ ਸਹੂਲਤਾਂ ਵੀ ਖੋਹ ਲਈਆਂ ਜਿਹੜੀਆਂ ਰਿਜਰਵੇਸ਼ਨ ਦੀ ਨੀਤੀ ਰਾਹੀਂ ਸਰਕਾਰੀ ਅਦਾਰਿਆਂ ਵਿੱਚ ਉਨ੍ਹਾਂ ਨੂੰ ਮਿਲਦੀਆਂ ਸਨ।[27] ਸਿੱਖਿਆ ਅਤੇ ਆਰਥਿਕ ਵਿਕਾਸ ਦਾ ਸਿੱਧਾ ਸੰਬੰਧ ਹੁੰਦਾ ਹੈ। ਕਿਸੇ ਵੀ ਦੇਸ਼ ਦੀ ਸਮਾਜਕ-ਆਰਥਕ ਪਰਗਤੀ ਸਿੱਖਿਆ ਦੀ ਸਮੁੱਚੀ ਪਰਗਤੀ ਨਾਲ ਜੁੜੀ ਹੋਈ ਹੁੰਦੀ ਹੈ। ਆਰਥਕ ਵਿਕਾਸ ਦੀ ਦਰ ਅਤੇ ਬਣਤਰ ਸਿੱਖਿਅਕ ਸਾਧਨਾ (educational resources) ਦੀ ਮਾਤਰਾ ਅਤੇ ਗੁਣਵਤਾ ਤੇ ਸਿੱਧੇ ਰੂਪ ਵਿੱਚ ਨਿਰਭਰ ਕਰਦੀ ਹੈ। ਸਿੱਖਿਆ ਉਤਪਾਦਨ ਦਾ ਬਹੁਤ ਫੈਸਲਾਕੁੰਨ ਸਾਧਨ ਹੋਣ ਕਰਕੇ ਇਸ ਨੂੰ ਮਨੁੱਖੀ ਪੂੰਜੀ (human capital) ਦਾ ਦਰਜਾ ਹਾਸਲ ਹੈ। ਮਨੁੱਖੀ ਪੂੰਜੀ ਆਰਥਕ ਕਿਰਿਆਵਾਂ ਵਿੱਚ ਸਰਗਰਮ ਸਮੂਲੀਅਤ ਕਾਰਨ ਪਦਾਰਥਕ ਪੂੰਜੀ (material capital) ਦੇ ਸੰਚਾਲਨ ਵਿੱਚ ਪਰਮੁੱਖ ਯੋਗਦਾਨ ਪਾਉਂਦੀ ਹੈ।[28] ਡਾ. ਅੰਬੇਦਕਰ ਨੇ ਵੀ ਸਿੱਖਿਆ ਦੇ ਪਾਸਾਰ ਨੂੰ ਸਮਾਜਿਕ ਮੁਸੀਬਤਾਂ ਲਈ ਉਚਿਤ ਦਵਾ ਕਿਹਾ ਸੀ ਜਿਸਨੇ ਦਲਿਤ ਵਰਗ ਵਿੱਚੋ ਹੀਣ ਭਾਵਨਾ ਨੂੰ ਖ਼ਤਮ ਕਰਕੇ ਉਹਨਾਂ ਦਾ ਅਤੇ ਦੇਸ਼ ਦੇ ਵਿਕਾਸ ਦਾ ਰਾਹ ਪੱਧਰਾ ਕਰਨਾ ਸੀ ਪਰ ਇਸ ਵਰਗ ਨੂੰ ਸੰਸਾਰੀਕਰਨ ਦੀ ਆਮਦ ਫਿਰ ਪਿੱਛੇ ਵੱਲ ਧੱਕ ਰਹੀ ਹੈ।

ਦਲਿਤ ਵਰਗ ਦੇ ਵਿਦਿਆਰਥੀ ਵਧੇਰੇ ਖ਼ਰਚਿਆਂ ਕਾਰਨ ਮੁੱਢਲੀ ਅਤੇ ਉੱਚ ਸਿੱਖਿਆ ਲੈਣ ਤੋਂ ਵਾਂਝੇ ਕੀਤੇ ਜਾ ਰਹੇ ਅਤੇ ਉਹਨਾਂ ਨੂੰ ਨੀਵੇਂ ਪੱਧਰ ਦੇ ਕੰਮਾਂ ਵੱਲ ਧੱਕਿਆ ਜਾ ਰਿਹਾ ਹੈ। ਵਿੱਦਿਆ ਦੇ ਅਸਰ ਦੀ ਅਣਹੋਂਦ ਦੀ ਦਰ ਉੱਚੀ ਹੈ ਕਿਉਂਕਿ ਵਿੱਦਿਆ ਦੇ ਤੱਥ ਅਤੇ ਅੰਕੜੇ ਨਿਰੰਤਰ ਇਹ ਦਰਸਾਉਂਦੇ ਹਨ ਕਿ ਵਿੱਦਿਆ ਦਾ ਪਾਸਾਰ, ਜਾਤ ਸ਼੍ਰੇਣੀ, ਲਿੰਗ ਦੀ ਨਾਬਰਾਬਰੀ ਅਨੁਸਾਰ ਹੋ ਰਿਹਾ ਹੈ। ਉਤਰ ਬਸਤੀ (post colonial) ਸੰਦਰਭ ਵਿੱਚ ਜਿਸ ਵਿੱਚ ਸ਼੍ਰੇਣੀ ਅਤੇ ਜਾਤਾਂ ਦੀ ਲੁੱਟ ਖਸੁੱਟ ਨੇ ਬਹੁਤ ਗਿਣਤੀ ਦਲਿਤਾਂ ਦੀ ਗਰੀਬੀ ਦੀ ਦਸ਼ਾ ਬਹੁਤ ਭੈੜੀ ਕਰ ਦਿੱਤੀ ਹੈ ਅਤੇ ਸਿੱਖਿਆ ਤੱਕ ਉਹਨਾਂ ਦੀ ਪਹੁੰਚ ਸੀਮਤ ਹੋ ਗਈ ਹੈ।[29] ਸਿੱਖਿਆ ਪ੍ਰਾਪਤੀ ਲਈ ਸਕੂਲਾਂ ਦਾ ਵਿਭਾਜੀਕਰਨ ਹੋ ਗਿਆ ਹੈ, ਮੱਧ ਵਰਗ ਅਤੇ ਉੱਚ ਵਰਗ ਦੇ ਬੱਚਿਆਂ ਲਈ ਹਾਈਟੈੱਕ ਗੈਰਸਰਕਾਰੀ ਸਕੂਲ ਹੋਂਦ ਵਿੱਚ ਆ ਗਏ ਹਨ ਅਤੇ ਦਲਿਤ ਵਰਗ ਅਤੇ ਗਰੀਬ ਕਿਸਾਨਾਂ ਦੇ ਬੱਚਿਆਂ ਨੂੰ ਸਿੱਖਿਆ ਦੇ ਲਈ ਸਕਰਾਰੀ ਸਕੂਲ ਅਤੇ ਕਾਲਜ ਰਹਿ ਗਏ ਹਨ। ਸਕੂਲਾਂ ਸੰਬੰਧੀ ਇੱਕ ਰਿਪੋਰਟ ਅਨੁਸਾਰ, ''ਜਰਨਲ ਕੈਟੇਗਰੀ ਦੇ ਵਿਦਿਆਰਥੀਆਂ ਦੀ ਗਿਣਤੀ 62 ਫ਼ੀਸਦੀ ਤੋਂ ਘਟ ਕੇ 22 ਫ਼ੀਸਦੀ ਰਹਿ ਗਈ ਹੈ ਜਦੋਂ ਕਿ ਇਸ ਦੀ ਤੁਲਨਾਂ ਵਿੱਚ ਸ਼ਡਿਊਲਡ ਕਾਸਟ ਵਿਦਿਆਰਥੀਆਂ ਦੀ ਗਿਣਤੀ 26 ਫ਼ੀਸਦੀ ਤੋਂ ਵਧ ਕੇ 65 ਫ਼ੀਸਦੀ ਹੋ ਗਈ ਹੈ।'' ਹਕੀਕਤ ਇਹ ਹੈ ਕਿ ਇਹ ਗੱਲ ਕੇਵਲ ਬਠਿੰਡੇ ਉੱਤੇ ਹੀ ਨਹੀਂ ਸਗੋਂ ਸਾਰੇ ਪੰਜਾਬ ਉੱਤੇ ਲਾਗੂ ਹੁੰਦੀ ਹੈ। ਪੰਜਾਬ ਦੇ ਪੇਂਡੂ ਖੇਤਰਾਂ ਦੇ ਸਰਕਾਰੀ ਸਕੂਲ ਹੁਣ

''ਵਿਹੜੇ ਵਾਲਿਆਂ ਦੇ ਸਕੂਲ'' ਹੀ ਬਣ ਕੇ ਰਹਿ ਗਏ ਹਨ।[30] ਸਰਕਾਰੀ ਸਕੂਲਾਂ ਸੰਬੰਧੀ ਰਿਪੋਰਟ ਅਤੇ ਲੋਕਾਂ ਵਿੱਚ ਪ੍ਰਚਲਤ ਵਾਕੰਸ਼ ਦਲਿਤ ਵਰਗ ਵਿੱਚ ਸਿੱਖਿਆ ਦੀ ਸਥਿਤੀ ਨੂੰ ਭਲੀਭਾਂਤ ਸਪੱਸ਼ਟ ਕਰ ਰਹੇ ਹਨ।

ਸਿਹਤ ਅਤੇ ਰੁਜ਼ਗਾਰ ਦਾ ਮਸਲਾ ਵੀ ਦਲਿਤ ਚਿੰਤਨ ਵਿੱਚ ਉੱਭਰ ਕੇ ਸਾਹਮਣੇ ਆਇਆ ਹੈ। ਵਿਸ਼ਵੀਕਰਨ ਦੀ ਪ੍ਰਕ੍ਰਿਆ ਦੇ ਅੰਤਰਗਤ ਸਮੁੱਚੇ ਪਬਲਿਕ ਸੈਕਟਰ ਨੂੰ ਪ੍ਰਾਈਵੇਟ ਸੈਕਟਰ ਵਿੱਚ ਤਬਦੀਲ ਕਰਨ ਕਾਰਨ ਮਿਲਦੀਆਂ ਸਹੂਲਤਾਂ ਦਾ ਲਗਭਗ ਅੰਤ ਹੋ ਚੁੱਕਿਆ ਹੈ। ਇੱਕ ਰਿਪੋਰਟ ਅਨੁਸਾਰ, ਨਿਰੋਲ ਰਾਜ ਘਰੇਲੂ ਉਤਪਾਦਨ ਵਿੱਚੋਂ ਸਾਲ 1984-85 ਦੌਰਾਨ ਸਿਹਤ ਸੇਵਾਵਾਂ ਅਤੇ ਪਰਵਿਾਰ ਭਲਾਈ ਉਪਰ ਖ਼ਰਚਾ 1.26 ਪ੍ਰਤੀਸ਼ਤ ਸੀ, ਜਦ ਕਿ 1989-90 ਦੌਰਾਨ 1.04 ਪ੍ਰਤੀਸ਼ਤ, 1991-92 ਦੌਰਾਨ 0.89 ਪ੍ਰਤੀਸ਼ਤ ਅਤੇ 1994-95 ਦੌਰਾਨ 0.72 ਪ੍ਰਤੀਸ਼ਤ ਸੀ।[31] ਸਪੱਸ਼ਟ ਹੈ ਕਿ ਸਿਹਤ ਸੇਵਾਵਾਂ ਅਤੇ ਪਰਿਵਾਰ ਭਲਾਈ ਦੇ ਕਾਰਜਾਂ ਵਿੱਚ ਨਿਰੰਤਰ ਕਟੌਤੀ ਕੀਤੀ ਜਾ ਰਹੀ ਹੈ, ਜਿਸ ਦਾ ਅਸਰ ਦਲਿਤ ਵਰਗ 'ਤੇ ਵਧੇਰੇ ਪੈ ਰਿਹਾ ਹੈ। ਇਹੋ ਸਥਿਤੀ ਰੁਜ਼ਗਾਰ ਪ੍ਰਾਪਤੀ ਅਤੇ ਪ੍ਰਾਪਤ ਰੁਜ਼ਗਾਰ ਦੇ ਖੁੱਸਣ ਦੇ ਮਾਮਲਿਆਂ ਵਿੱਚ ਹੈ ਕਿਉਂਕਿ ਆਰਥਕ ਸੁਧਾਰ ਸਾਮਰਾਜੀ ਹਿਤਾਂ ਦੇ ਪੂਰਕ ਵਿਸ਼ਵ ਬੈਂਕ ਅਤੇ ਅੰਤਰਰਾਸ਼ਟਰੀ ਮੁਦਰਾ ਕੋਸ਼ ਵੱਲੋਂ ਤਿਆਰ ਕਰਕੇ ਭਾਰਤੀ ਸ਼ਾਸ਼ਕਾਂ ਵੱਲੋਂ ਲਾਗੂ ਕਰਨ ਨਾਲ ਦੇਸ਼ ਦੇ ਲੋਕਾਂ ਖਾਸ ਕਰਕੇ ਮਜ਼ਦੂਰ ਵਰਗ ਉਪਰ ਆਰਥਕ ਹਮਲੇ ਨੂੰ ਹੋਰ ਵੀ ਤਿੱਖਾ ਕੀਤਾ ਗਿਆ ਹੈ। ਵਿਸ਼ਵ ਸੰਸਥਾਵਾਂ ਦੇ ਮੈਂਬਰ ਬਨਣ ਅਤੇ ਉਹਨਾਂ ਵੱਲੋਂ ਲਗਾਈਆਂ ਸ਼ਰਤਾਂ ਮੰਨਣ ਤੋਂ ਬਾਅਦ ਬਹੁਕੌਮੀ ਕੰਪਣੀਆਂ ਦੀ ਸਾਡੀ ਆਰਥਕਤਾ ਤੇ ਕਬਜ਼ਾ ਅਤੇ ਪਕੜ ਹੋਰ ਵੀ ਮਜ਼ਬੂਤ ਹੋ ਗਈ ਹੈ ਅਤੇ ਕੁਦਰਤੀ ਸਾਧਨਾ ਨੂੰ ਸਾਮਰਾਜੀਆਂ ਦੇ ਨਵਬਸਤੀਵਾਦੀ ਹਿਤਾਂ ਦੀ ਪੂਰਤੀ ਲਈ ਹੀ ਵਰਤਿਆ ਜਾ ਰਿਹਾ ਹੈ। ਇਹਨਾਂ ਨੀਤੀਆਂ ਦੇ ਹੋਂਦ ਵਿੱਚ ਆਉਣ ਤੋਂ ਬਾਅਦ ਮਜ਼ਦੂਰ ਜਮਾਤ ਨੂੰ ਬੇਮਿਸਾਲ ਮੁਸ਼ਕਿਲਾਂ ਅਤੇ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹਨਾਂ ਦਿੱਕਤਾਂ ਦਾ ਮੁੱਖ ਸਰੂਪ ਨਵੀਆਂ ਨੀਤੀਆਂ ਹੇਠ ਮਜ਼ਦੂਰਾਂ ਨਾਲ ਸੰਬੰਧਤ ਮਸਲਿਆਂ ਵਿੱਚ ਮਜ਼ਦੂਰ ਵਿਰੋਧੀ ਅਤੇ ਸਰਮਾਏ ਪੱਖੀ ਤਰਮੀਮਾਂ ਹਨ, ਜਿਹਨਾਂ ਕਾਰਨ ਦੇਸ਼ ਵਿੱਚ ਬੇਰੁਜ਼ਗਾਰੀ ਤੇ ਗਰੀਬੀ ਲਗਾਤਾਰ ਤੇਜ਼ੀ ਨਾਲ ਵਧ ਰਹੀ ਹੈ।ਬੇਰੁਜ਼ਗਾਰੀ ਨੂੰ ਦੂਰ ਕਰਨ ਦੀ ਥਾਂ ਉਦਾਰੀਕਰਨ ਦੀਆਂ ਨੀਤੀਆਂ ਇਸ ਵਿੱਚ ਵਾਧਾ ਕਰ ਰਹੀਆਂ ਹਨ, ਕਿਉਂਕਿ ਸਰਕਾਰੀ, ਅਰਧ ਸਰਕਾਰੀ ਅਤੇ ਸਨਅਤੀ ਇਕਾਈਆਂ ਦੇ ਮਜ਼ਦੂਰਾਂ ਦੀ ਛਾਂਟੀ ਕੀਤੀ ਗਈ ਹੈ ਅਤੇ ਕੀਤੀ ਜਾ ਰਹੀ ਹੈ, ਪੱਕੇ ਕਾਮਿਆਂ ਨੂੰ ਜ਼ਬਰੀ ਸੇਵਾ ਮੁਕਤ ਕੀਤਾ ਜਾਂ ਇਛੁੱਤ ਸੇਵਾ ਮੁਕਤ ਕਰਨਾ, ਅਦਾਰਿਆਂ/ਕਾਰਖਾਨਿਆਂ ਵਿੱਚ ਠੇਕੇਦਾਰੀ ਸਿਸਟਮ ਲਾਗੂ ਕਰਨੇ, ਪਿਛਲੇ ਇਕ ਦਹਾਕੇ ਤੋਂ ਦੁਨੀਆਂ ਦੀਆਂ ਪੰਜ ਸੌ ਵੱਡੀਆਂ ਕੰਪਣੀਆਂ ਵੱਲੋਂ ਚਾਰ ਲੱਖ ਮਜ਼ਦੂਰ ਪ੍ਰਤੀ ਸਾਲ ਦੇ ਹਿਸਾਬ ਨਾਲ ਕੱਢੇ ਜਾ ਰਹੇ ਹਨ। ਅਜੇਹਾ ਸਿਰਫ਼ ਹਿੱਸੇਦਾਰਾਂ ਨੂੰ ਵੱਡੇ ਤੋਂ ਵੱਡੇ ਲਾਭ ਦਿਵਾਉਣ ਹਿਤ ਹੀ ਕੀਤਾ ਜਾ ਰਿਹਾ ਹੈ।[32]

ਵਿਅਕਤੀਆਂ ਦੀ ਥਾਂਵੇਂ ਮਸ਼ੀਨਾਂ ਕੰਮ ਕਰਨ ਲੱਗਿਆਂ ਹਨ, ਸਥਿਤੀ ਉਸ ਥਾਂ 'ਤੇ ਜਾ ਕੇ ਹੋਰ ਵੀ ਗੁੰਝਲਦਾਰ ਬਣ ਜਾਂਦੀ ਹੈ ਜਿੱਥੇ ਨੌਕਰੀ ਪ੍ਰਾਪਤ ਕਰਨ ਲਈ ਕਿਸੇ ਖਾਸ ਯੋਗਤਾ ਦਾ ਹੋਣਾ ਅਨਿਵਾਰੀ ਹੋ ਜਾਂਦਾ ਹੈ ਅਤੇ ਉਹ ਖਾਸ ਯੋਗਤਾ ਪ੍ਰਾਪਤ ਕਰਨ ਲਈ ਦਲਿਤ ਵਰਗ ਦੇ ਵਿਦਿਆਰਥੀ ਉਸ ਲਈ ਫੀਸਾਂ/ਫੰਡਾਂ ਨੂੰ ਜੁਟਾ ਸਕਣ ਤੋਂ ਅਸਮਰੱਥ ਹਨ। ਇੱਕ ਅਧਿਐਨ ਅਨੁਸਾਰ ਪ੍ਰੋਫੈਸ਼ਨਲ ਕਾਲਿਜਾਂ/ਯੂਨੀਵਰਸਿਟੀਆਂ ਵਿੱਚ 3.71 ਫ਼ੀਸਦੀ (56250 ਚੋਂ 2085) ਵਿਦਿਆਰਥੀ ਹੀ ਪੇਂਡੂ ਖੇਤਰਾਂ ਨਾਲ ਸੰਬੰਧ ਰੱਖਦੇ ਹਨ, ਜਦੋਂ ਕਿ 2001 ਦੀ ਜਨਗਣਨਾ ਅਨੁਸਾਰ ਪੰਜਾਬ ਦੀ ਤਕਰੀਬਨ 66 ਫ਼ੀਸਦੀ ਵਸੋਂ ਅਤੇ 70 ਫ਼ੀਸਦੀ ਕਿਰਤ ਸ਼ਕਤੀ ਪਿੰਡਾਂ ਵਿੱਚ ਵਸਦੀ ਹੈ। ਪੇਂਡੂ ਵਿਦਿਆਰਥੀਆਂ ਵਿੱਚ ਵੀ ਸ਼ਡਿਊਲਡ ਜਾਤੀਆਂ/ਕਬੀਲੀਆਂ ਦੇ ਵਿਦਿਆਰਥੀਆਂ ਦੀ ਗਿਣਤੀ ਕੇਵਲ 11.56 ਫ਼ੀਸਦੀ ਹੈ, ਪਛੜੀਆਂ ਜਾਤੀਆਂ ਦੇ ਵਿਦਿਆਰਥੀਆਂ ਦੀ ਗਿਣਤੀ 6.38 ਫ਼ੀਸਦੀ ਹੀ ਹੈ। ਹਕੀਕਤ ਤਾਂ ਇਹ ਹੈ ਕਿ ਪ੍ਰੋਫੈਸ਼ਨਲ ਸਿੱਖਿਆ ਦੇ ਦਰਵਾਜ਼ੇ ਕੇਵਲ ਗਰੀਬ ਕਿਸਾਨਾਂ, ਮਜ਼ਦੂਰਾਂ, ਸ਼ਡਿਊਲਡ ਜਾਤੀਆਂ, ਪਛੜੀਆਂ ਸ਼੍ਰੇਣੀਆਂ ਦੇ ਬੱਚਿਆਂ ਲਈ ਹੀ ਨਹੀਂ ਸਗੋਂ ਨਿਮਨ ਮੱਧ ਵਰਗ ਦੇ ਬੱਚਿਆਂ ਲਈ ਵੀ ਬੰਦ ਹੋ ਰਹੇ ਹਨ।[33] ਸਪੱਸ਼ਟ ਹੈ ਕਿ ਨੌਕਰੀਆਂ ਪ੍ਰਾਪਤ ਕਰਨ ਲਈ ਪ੍ਰਬੰਧਕੀ ਯੋਗਤਾ ਦੀ ਜਰੂਰਤ ਹੈ, ਮਜ਼ਦੂਰ ਵਰਗ ਦੀ ਇੰਨੀ ਪਰੋਖੋਂ ਨਹੀਂ ਹੈ ਤੇ ਇਹ ਵਰਗ ਕਿਸੇ ਬਰਾਬਰ ਦੀ ਟੱਕਰ ਵਾਲੇ ਵਿਚਾਰਧਾਰਕ ਸੰਘਰਸ਼ ਦੀ ਅਣਹੋਂਦ ਕਾਰਨ ਉਸੇ ਸਥਿਤੀ ਵੱਲ ਧਕੇਲਿਆ ਜਾ ਰਿਹਾ ਹੈ ਜਿਸ ਵਿੱਚੋਂ ਇਸ ਨੇ ਲੰਬੇ ਸੰਘਰਸ਼ ਤੋਂ ਬਾਅਦ ਥੋੜ੍ਹੀ ਰਾਹਤ ਪ੍ਰਾਪਤ ਕੀਤੀ ਹੈ। ਦਲਿਤ ਵਰਗ ਸਾਹਵੇਂ ਅਜੋਕੇ ਯੁੱਗ ਵਿੱਚ ਇਹ ਸਭ ਤੋਂ ਅਹਿਮ ਮਸਲਾ ਬਣਿਆ ਹੋਇਆ ਹੈ ਕਿ ਉਹ ਕਿਸ ਵਰਗ ਨੂੰ ਆਪਣੇ ਸਵੀਕਾਰ ਕੇ ਮੌਜੂਦਾ ਹਾਲਤਾਂ ਵਿੱਚੋਂ ਨਿਕਲਣ ਦੇ ਸਮਰੱਥ ਹੋ ਸਕੇ।

ਅਜੋਕੇ ਦਲਿਤ ਸਾਹਿਤ ਅਤੇ ਚਿੰਤਨ ਵਿੱਚ ਇਹਨਾਂ ਮਸਲਿਆਂ ਬਾਰੇ ਚਿੰਤਾ ਕੀਤੀ ਜਾ ਰਹੀ ਹੈ। ਇਹਨਾਂ ਸਥਿਤੀਆਂ, ਸਮੱਸਿਆਵਾਂ ਦੀ ਪੇਸ਼ਕਾਰੀ ਦਲਿਤ ਸਾਹਿਤ ਵਿੱਚ ਹੋਣ ਲੱਗੀ ਹੈ। ਦਲਿਤ ਕਾਵਿ-ਪਾਠ ਵਿੱਚ

ਵਿਸ਼ਵੀਕਰਨ ਪ੍ਰਤੀ ਕਰੜੀ ਪ੍ਰਤੀਰੋਧਕ ਸੁਰ ਦੇਖੀ ਜਾ ਸਕਦੀ ਹੈ। ਇਸ ਪ੍ਰਕਿਰਿਆ ਪ੍ਰਤੀ ਚੇਤੰਨਤਾ ਦਲਿਤ ਸਾਹਿਤ ਵਿੱਚ ਉਭਰਨ ਲੱਗੀ ਹੈ।[34] ਇਸ ਸਮੇਂ ਦਲਿਤ ਚਿੰਤਨ ਵਿੱਚ ਮਾਰਕਸ ਅਤੇ ਅੰਬੇਦਕਰ ਦੀ ਵਿਚਾਰਧਾਰਾ ਨੂੰ ਜੋੜਕੇ ਕ੍ਰਾਂਤੀ ਕਰਨ ਦੀ ਅਵਾਜ਼ ਵੀ ਸੁਣਾਈ ਦਿੰਦੀ ਹੈ। ਦਲਿਤ ਚਿੰਤਕ ਭਾਰਤੀ ਅਰਥ-ਵਿਵਸਥਾ ’ਚ ਰਿਜ਼ਰਵੇਸ਼ਨ ਨੀਤੀ ਜਾਂ ਉਦਾਰਵਾਦੀ ਲੋਕਤੰਤਰ ਨੂੰ ਵੀ ਆਪਣੀ ਕਵਿਤਾ ਵਿੱਚ ਨਕਾਰਦੇ ਹਨ। ਇਹ ਕਵੀ ਜਾਤ ਅਤੇ ਜਮਾਤ (ਸ਼੍ਰੇਣੀ) ਦੋਨੇਂ ਲੜਾਈਆਂ ਇੱਕਠੀਆਂ ਲੜਨਾ ਚਾਹੁੰਦੇ ਹਨ।[35] ਪਰੰਤੂ ਇੱਥੇ ਇਹ ਤੱਥ ਵਿਚਾਰਯੋਗ ਹੈ ਕਿ ਕੀ ਮਾਰਕਸੀ ਅਤੇ ਅੰਬੇਦਕਰੀ ਚਿੰਤਨ ਦੇ ਸੁਮੇਲ ਵਿੱਚੋਂ ਕੋਈ ਸਾਂਝੀ ਵਿਚਾਰਧਾਰਾ ਉੱਭਰਕੇ ਸਾਹਮਣੇ ਆ ਸਕਦੀ ਹੈ  ਜਿਹੜੀ ਦਲਿਤ ਵਰਗ ਅਤੇ ਦਮਿਤ ਵਰਗ ਨੂੰ ਇੱਕ ਫਰੰਟ ’ਤੇ ਇੱਕਠਾ ਕਰਨ ਵਿੱਚ ਅਤੇ ਜਾਤੀ ਘੋਲ ਨੂੰ ਜਮਾਤੀ ਸੰਘਰਸ਼ ਵਿੱਚ ਤਬਦੀਲ ਕਰ ਸਕੇਗੀ। ਡਾ. ਯੋਗਰਾਜ ਦਾ ਵਿਚਾਰ ਹੈ ਕਿ, ਦੂਜਾ ਨੁਕਤ ਇਸ ਕਵਿਤਾ ਦੇ ਵਿਚਾਰਧਾਰਕ ਪ੍ਰਕਰਣ ਦਾ ਬਣਦਾ ਹੈ ਜਿਸ ਬਾਰੇ ਅਜੇ ਹੋਰ ਸਪੱਸ਼ਟਤਾ ਅਤੇ ਬੌਧਿਕ ਸੂਝ ਲੋੜੀਦੀ ਹੈ ; ਨਹੀਂ ਤਾਂ ਇਹ ਧਾਰਾ ਕਈ ਤਰ੍ਹਾਂ ਦੇ ਵਿਚਾਰਧਾਰਕ ਸੰਕਟਾਂ ਵਿੱਚ ਘਿਰ ਸਕਦੀ ਹੈ।[36]

ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਵਿਸ਼ਵੀਕਰਨ, ਉਦਾਰੀਕਰਨ ਅਤੇ ਸੰਸਾਰੀਕਰਨ ਦੇ ਪਰਪੰਚ ਨੇ ਸਮੁੱਚੇ ਵਿਕਾਸਸ਼ੀਲ ਦੇਸਾਂ ਨੂੰ ਵਕਤ ਪਾਉਣਾ ਹੈ ਪਰੰਤੂ ਇੱਥੇ ਇਸ ਤੱਥ ’ਤੇ ਕੇਂਦਰਿਤ ਹੋਣ ਦੀ ਲੋੜ ਹੈ ਕਿ ਸਥਾਨਕ ਬਰਜੂਆਜੀ ਨੇ ਸਥਾਨਕ ਪ੍ਰੋਲੇਤਾਰੀਆਂ ਦੀ ਮਿਹਨਤ ਨੂੰ ਲੁੱਟ ਕੇ ਬਹੁਕੌਮੀ ਕੰਪਣੀਆਂ ਨਾਲ ਆਪਣੀ ਸਾਂਝ ਸਥਾਪਤ ਕਰਨੀ ਹੈ, ਉਹਨਾਂ ਨਾਲ ਕਿਸ ਭਾਂਤ ਨਿਪਟਿਆ ਜਾਵੇ।ਇਸ ਸਮੇਂ ਜਿੱਥੇ ਵਿਸ਼ਵ ਭਰ ਦੇ ਵਿਕਾਸਸ਼ੀਲ ਮੁਲਕਾਂ ਨੂੰ ਆਜ਼ਾਦਾਨਾ ਵਿਚਾਰਧਾਰਾ ਅਤੇ ਇੱਕਜੁਟਤਾ ਦੀ ਜਰੂਰਤ ਹੈ ਉੱਥੇ ਵਿਕਾਸਸ਼ੀਲ ਮੁਲਕਾਂ ਦੇ ਪ੍ਰੋਲੇਤਾਰੀਆਂ ਨੂੰ ਜਮਾਤੀ ਸੰਘਰਸ਼ ਲਈ ਇੱਕਜੁਟ ਹੋ ਕੇ ਸਥਾਨਕ ਸੱਤਾ ਖ਼ਿਲਾਫ਼ ਸਾਂਝਾ ਮੁਹਾਜ ਆਰੰਭ ਕਰਨ ਦੀ ਵੀ ਅਤਿਅੰਤ ਜਰੂਰਤ ਹੈ, ਜਿਹੜੀ ਇਹਨਾਂ ਵਿਭਾਜਿਤ ਹੋਏ ਵਰਗਾਂ ਨੂੰ ਵਿਭਿੰਨ ਘੇਰਿਆਂ ਤੋਂ ਮੁਕਤ ਕਰਕੇ ਇਕ ਅਜਿਹਾ ਘੇਰਾ ਸਿਰਜ ਸਕੇ ਜਿਹੜਾ ਵਿਸ਼ਵੀਕਰਨ, ਉਦਾਰੀਕਰਨ ਅਤੇ ਨਿੱਜੀਕਰਨ ਨੂੰ ਟੱਕਰ ਦੇ ਸਕੇ।

## ਹਵਾਲੇ


1. ਚਰਨਦੀਪ ਸਿੰਘ (ਡਾ.), ਦਲਿਤ ਸਰੋਕਾਰ ਅਤੇ ਸਾਹਿਤ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ,2004, ਪੰਨਾ 76.
2. ਉਹੀ, ਪੰਨਾ 77.
3. ਡਾ. ਰੌਣਕੀ ਰਾਮ, ਦਲਿਤ ਸਾਹਿਤ : ਸਰੋਤ ਤੇ ਸਰੂਪ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2004, ਪੰਨਾ 79.
4. ਉਧਰਿਤ, ਚਰਨਦੀਪ ਸਿੰਘ (ਡਾ.), ਦਲਿਤ ਸਰੋਕਾਰ ਤੇ ਸਾਹਿਤ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨਾ 67.
5. ਉਧਰਿਤ, ਸੁਤਿੰਦਰ ਸਿੰਘ ਨੂਰ, ਪ੍ਰੀਤਮ ਸਿੰਘ ਬਤਰਾ (ਸੰਪਾ.), ਦਲਿਤ ਚੇਤਨਾ ਅਤੇ ਸਾਹਿਤ, ਪੰਜਾਬੀ ਅਕਾਦਮੀ, ਦਿੱਲੀ,1998, ਪੰਨਾ 62.
6. ਡਾ. ਸਰਬਜੀਤ ਸਿੰਘ (ਸੰਪਾ.), ਦਲਿਤ ਦ੍ਰਿਸ਼ਟੀ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2004, ਪੰਨਾ 12.
7. ਮੇਹਰ ਮਾਣਕ, ਦਲਿਤ ਚੇਤਨਾ : ਅਣਗੌਲੇ ਪੱਖ ਅਤੇ ਸਮਾਜਕ ਤੱਥ, ਦਲਿਤ ਦ੍ਰਿਸ਼ਟੀ, ਡਾ. ਸਰਬਜੀਤ ਸਿੰਘ, (ਸੰਪਾ.), ਲੋਕਗੀਤ ਪ੍ਰਕਾਸ਼ਨ, ਲੁਧਿਆਣਾ, 2004, ਪੰਨਾ 50.
8. ਡਾ. ਭੀਮ ਇੰਦਰ ਸਿੰਘ, ਦਲਿਤ ਚੇਤਨਾ ਤੇ ਪੰਜਾਬੀ ਕਹਾਣੀ, ਸੁਤਿੰਦਰ ਸਿੰਘ ਨੂਰ (ਸੰਪਾ.) ਸਾਹਿਤ ਵਿੱਚ ਦਲਿਤ ਚੇਤਨਾ, ਸਾਹਿਤ ਅਕਾਦਮੀ, ਦਿੱਲੀ, 2004, ਪੰਨਾ 93-94.
9. ਤੇਜਵੰਤ ਸਿੰਘ ਗਿੱਲ, ਦਲਿਤ ਚੇਤਨਾ : ਵਿਸ਼ਵ ਦੇ ਪ੍ਰਸੰਗ ਵਿੱਚ, ਸੁਤਿੰਦਰ ਸਿੰਘ ਨੂਰ (ਸੰਪਾ.), ਸਾਹਿਤ ਵਿੱਚ ਦਲਿਤ ਚੇਤਨਾ, ਸਾਹਿਤ ਅਕਾਦਮੀ, ਦਿੱਲੀ, 2004, ਪੰਨਾ 19.
10. ਡਾ. ਸੁਤਿੰਦਰ ਸਿੰਘ ਨੂਰ (ਸੰਪਾ.), ਸਾਹਿਤ ਵਿੱਚ ਦਲਿਤ ਚੇਤਨਾ, ਉਹੀ, ਪੰਨਾ 09.
11. ਡਾ. ਭੀਮ ਇੰਦਰ ਸਿੰਘ ਮਾਰਕਸਵਾਦ, ਨਵ-ਮਾਰਕਸਵਾਦ ਅਤੇ ਉਤਰ-ਆਧੁਨਿਕਤਾਵਾਦ, ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ, 2004, ਪੰਨਾ 95.
12. ਡਾ. ਸਰਬਜੀਤ ਸਿੰਘ, ਦਲਿਤ ਪਛਾਣ ਅਤੇ ਸਮਕਾਲੀ ਪੰਜਾਬੀ ਕਵਿਤਾ, ਸੁਤਿੰਦਰ ਸਿੰਘ ਨੂਰ (ਸੰਪਾ.), ਸਾਹਿਤ ਵਿੱਚ ਦਲਿਤ ਚੇਤਨਾ, ਸਾਹਿਤ ਅਕਾਦਮੀ, ਦਿੱਲੀ, 2004, ਪੰਨਾ 71.
13. ਡਾ. ਗੁਰਪਾਲ ਸਿੰਘ ਸੰਧੂ, ਪੰਜਾਬੀ ਨਾਵਲ ਅਤੇ ਦਲਿਤ ਪ੍ਰਵਚਨ, ਸੁਤਿੰਦਰ ਸਿੰਘ ਨੂਰ (ਸੰਪਾ.), ਸਾਹਿਤ ਵਿੱਚ ਦਲਿਤ ਚੇਂਤਨਾ, ਸਾਹਿਤ ਅਕਾਦਮੀ, ਦਿੱਲੀ, 2004, ਪੰਨਾ 86.
14. ਸੁਜਾਨ ਸਿੰਘ, ਸਾਰੇ ਪੱਤੇ, ਸਿੰਘ ਬ੍ਰਦਰਜ਼, ਅੰਮ੍ਰਿਤਸਰ,1990, ਪੰਨਾ 213.
15. ਡਾ. ਗੁਰਮੀਤ ਸਿੰਘ ਕੱਲਰਮਾਜਰੀ, ਦਲਿਤ ਸੰਵੇਦਨਾ ਅਤੇ ਪੰਜਾਬੀ ਕਹਾਣੀ, ਡਾ. ਸਰਬਜੀਤ ਸਿੰਘ (ਸੰਪਾ.), ਦਲਿਤ ਦ੍ਰਿਸ਼ਟੀ, 2004, ਪੰਨਾ 153.
16. ਸ਼ਿਓਰਾਜ ਸਿੰਘ ਬੇਚੈਨ, ਦਲਿਤ ਚੇਤਨਾ : ਭਾਰਤੀ ਸਾਹਿਤ ਦੇ ਸੰਦਰਭ ਵਿੱਚ, ਸੁਤਿੰਦਰ ਸਿੰਘ ਨੂਰ (ਸੰਪਾ.), ਸਾਹਿਤ ਵਿੱਚ ਦਲਿਤ ਚੇਤਨਾ, ਸਾਹਿਤ ਅਕਾਦਮੀ, ਦਿੱਲੀ, 2004, ਪੰਨਾ 37-38.
17. ਸ਼ਰਨ ਕੁਮਾਰ ਲਿੰਬਾਲੇ, ਦਲਿਤ ਸਾਹਿਤਯ ਕਾ ਸੌਂਦਰਯ ਸ਼ਾਸਤਰ, (ਰਮਣਿਕਾ ਗੁਪਤਾ ਅਨੁ.), ਬਾਣੀ ਪ੍ਰਕਾਸ਼ਨ, ਨਵੀਂ ਦਿੱਲੀ, 2004, ਪੰਨਾ 38.
18. ਤਰਲੋਚਨ ਸਿੰਘ, ਦਲਿਤ ਸਮੱਸਿਆ ਤੇ ਦਲਿਤ ਸਾਹਿਤ, ਡਾ. ਭੀਮ ਇੰਦਰ ਸਿੰਘ (ਸੰਪਾ.), ਦਲਿਤ ਚਿੰਤਨ ਮਾਰਕਸੀ ਪਰਿਪੇਖ, ਕੁਕਨਸ ਪ੍ਰਕਾਸ਼ਨ, ਜਲੰਧਰ, 2005, ਪੰਨਾ 141.

19. ਉਧਰਿਤ, ਗੁਰਭਗਤ ਸਿੰਘ, ਉਤਰਆਧੁਨਿਕਵਾਦ, ਮਦਾਨ ਪਬਲੀਕੇਸ਼ਨਜ਼, ਪਟਿਆਲਾ, ਪੰਨਾ 31.

20. ਡਾ. ਭੀਮ ਇੰਦਰ ਸਿੰਘ (ਸੰਪਾ.), ਦਲਿਤ ਚਿੰਤਨ ਮਾਰਕਸੀ ਪਰਿਪੇਖ, ਕੁਕਨਸ ਪ੍ਰਕਾਸ਼ਨ, ਜਲੰਧਰ, ਪੰਨਾ 12.

21. ਉਧਰਿਤ, ਗੁਰਭਗਤ ਸਿੰਘ, ਉਤਰਆਧੁਨਿਕਵਾਦ, ਮਦਾਨ ਪਬਲੀਕੇਸ਼ਨਜ਼, ਪਟਿਆਲਾ, ਪੰਨਾ 32.

22. ਡਾ. ਸਰਬਜੀਤ ਸਿੰਘ (ਸੰਪਾ.), ਦਲਿਤ ਦ੍ਰਿਸ਼ਟੀ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2004, ਪੰਨਾ 10.

23. ਡਾ. ਭੀਮ ਇੰਦਰ ਸਿੰਘ, ਦਲਿਤ ਚਿੰਤਨ ਮਾਰਕਸੀ ਪਰਿਪੇਖ, ਕੁਕਨਸ ਪ੍ਰਕਾਸ਼ਨ, ਜਲੰਧਰ, 2005, ਪੰਨਾ 14.

24. ਡਾ. ਭੀਮ ਇੰਦਰ ਸਿੰਘ, ਦਲਿਤ ਰਾਜਨੀਤੀ ਤੇ ਪੰਜਾਬੀ ਕਹਾਣੀ, ਡਾ. ਸਰਬਜੀਤ ਸਿੰਘ (ਸੰਪਾ.), ਦਲਿਤ ਦ੍ਰਿਸ਼ਟੀ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2004, ਪੰਨਾ 127.

25. ਉਹੀ, ਪੰਨਾ 131.

26. ਡਾ. ਭੀਮ ਇੰਦਰ ਸਿੰਘ, ਮਾਰਕਸਵਾਦ ਨਵ-ਮਾਰਕਸਵਾਦ ਅਤੇ ਉਤਰ-ਆਧੁਨਿਕਤਾਵਾਦ, ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ, 2004, ਪੰਨਾ 108.

27. ਡਾ. ਯੋਗਰਾਜ, ਸਮਕਾਲੀ ਦਲਿਤ ਪੰਜਾਬੀ ਕਵਿਤਾ : ਵਿਭਿੰਨ ਵਿਚਾਰਧਾਰਕ ਪ੍ਰਵਚਨ, ਹਾਸ਼ੀਆ ਲੋਕ, ਡਾ. ਗੁਰਮੀਤ ਕੱਲਰਮਾਜਰੀ (ਸੰਪਾ.), ਅਕਤੂਬਰ-ਦਸੰਬਰ 2010, ਪੰਨਾ 51.

28. ਡਾ. ਜਸਵਿੰਦਰ ਸਿੰਘ ਬਰਾੜ, ਪੇਂਡੂ ਪੰਜਾਬ ਵਿੱਚ ਮੁਢਲੀ ਸਿੱਖਿਆ : ਸਰਵਜਨਕ ਖਰਚ ਪਰਕਿਰਿਆ ਅਤੇ ਬਦਲਦਾ ਆਰਥਕ ਨਿਜ਼ਾਮ, ਪਰਕਾਸ਼ ਸਿੰਘ ਜੰਮੂ (ਸੰਪਾ.), ਵਿਸ਼ਵੀਕਰਨ ਉਦਾਰੀਕਰਨ ਤੇ ਪੰਜਾਬ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999, ਪੰਨਾ 204.

29. ਪਦਮਾ ਵੇਲਾਸਕਰ, ਵਿਚਾਰਧਾਰਾ, ਸਿੱਖਿਆ ਅਤੇ ਆਜ਼ਾਦੀ ਲਈ ਰਾਜਨੀਤਿਕ ਸੰਘਰਸ਼ : ਮਹਾਰਾਸ਼ਟਰ ਦੇ ਦਲਿਤਾਂ ਵਿੱਚ ਤਬਦੀਲੀ ਅਤੇ ਚਣੌਤੀ, (ਪ੍ਰੋ. ਤਰਸੇਮ ਸਿੰਘ ਮਾਣਕ ਅਨੁ.), ਹਾਸ਼ੀਆ ਸਿੱਖਿਆ ਵਿਸ਼ੇਸ਼ ਅੰਕ, ਗੁਰਮੀਤ ਸਿੰਘ ਕੱਲਰਮਾਜਰੀ (ਸੰਪਾ.) ਜੁਲਾਈ-ਅਗਸਤ 2009, ਪੰਨਾ 36.

30. ਪ੍ਰਿੰ. ਤਰਸੇਮ ਬਾਹੀਆ, ਆਧੁਨਿਕ ਪੰਜਾਬ ਦਾ ਵਿਕਾਸ ਤੇ ਸਿੱਖਿਆ, ਹਾਸ਼ੀਆ ਸਿੱਖਿਆ ਵਿਸ਼ੇਸ਼ ਅੰਕ, ਗੁਰਮੀਤ ਸਿੰਘ ਕੱਲਰਮਾਜਰੀ (ਸੰਪਾ.), ਅਕਤੂਬਰ-ਦਸੰਬਰ 2010, ਪੰਨਾ 51.

31. ਡਾ. ਰਣਜੀਤ ਸਿੰਘ ਘੁੰਮਣ, ਡਾ. ਸੁਖਵਿੰਦਰ ਸਿੰਘ, ਪੰਜਾਬ ਵਿੱਚ ਮੁਢਲੀ ਸਿਹਤ ਸੰਭਾਲ ਅਤੇ ਪੰਜਾਬ ਸਰਕਾਰ, ਪਰਕਾਸ਼ ਸਿੰਘ ਜੰਮੂ (ਸੰਪਾ.), ਵਿਸ਼ਵੀਕਰਨ ਉਦਾਰੀਕਰਨ ਤੇ ਪੰਜਾਬ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999, ਪੰਨਾ 199.

32. ਉਧਰਿਤ, ਡਾ. ਕੇਸਰ ਸਿੰਘ ਭੰਗੂ, ਉਦਾਰੀਕਰਨ ਦਾ ਮਜ਼ਦੂਰ ਵਰਗ ਤੇ ਪ੍ਰਭਾਵ, ਪਰਕਾਸ਼ ਸਿੰਘ ਜੰਮੂ (ਸੰਪਾ.), ਵਿਸ਼ਵੀਕਰਨ ਉਦਾਰੀਕਰਨ ਤੇ ਪੰਜਾਬ, 1999, ਪੰਨਾ 176.

33. ਪ੍ਰਿੰ. ਤਰਸੇਮ ਬਾਹੀਆ, ਆਧੁਨਿਕ ਪੰਜਾਬ ਦਾ ਵਿਕਾਸ ਤੇ ਸਿੱਖਿਆ, ਹਾਸ਼ੀਆ ਸਿੱਖਿਆ ਵਿਸ਼ੇਸ਼ ਅੰਕ, ਗੁਰਮੀਤ ਕੱਲਰਮਾਜਰੀ (ਸੰਪਾ.), ਜੁਲਾਈ-ਦਸੰਬਰ 2009, ਪੰਨਾ 15.

34. ਡਾ. ਯੋਗਰਾਜ, ਸਮਕਾਲੀ ਦਲਿਤ ਪੰਜਾਬੀ ਕਵਿਤਾ : ਵਿਭਿੰਨ ਵਿਚਾਰਧਾਰਕ ਪ੍ਰਵਚਨ, ਹਾਸ਼ੀਆ ਲੋਕ, ਗੁਰਮੀਤ ਕੱਲਰਮਾਜਰੀ (ਸੰਪਾ.), ਅਕਤੂਬਰ-ਦਸੰਬਰ 2010, ਪੰਨਾ 51.

35. ਉਹੀ, ਪੰਨਾ 56.

36. ਉਹੀ, ਪੰਨਾ 63.